## ਅਧਿਆਇ 18

# ਜਾਜਕਾਈ ਗੋਤ:
# ਉਨ੍ਹਾਂ ਦੇ ਭਾਰ ਅਤੇ ਫਾਇਦੇ

ਗਿਣਤੀ ਦੇ ਇਸ ਭਾਗ ਵਿਚ ਜਾਜਕਾਈ ਚਿੰਤਾਵਾਂ ਕੇਂਦਰ-ਬਿੰਦੂ ਰਹਿੰਦੀਆਂ ਹਨ। ਭੇਟਾਂ ਦੀ ਚਰਚਾ (ਅਧਿਆਇ 15) ਅਤੇ ਪਰਮੇਸ਼ੁਰ ਦੇ ਨਿਯੁਕਤ ਕੀਤੇ ਗਏ ਜਾਜਕਾਂ ਵਿਰੁੱਧ ਵਿਦਰੋਹ ਦੀ ਕਹਾਣੀ (ਅਧਿਆਇ 16; 17) ਦੇ ਬਾਅਦ, ਅਧਿਆਇ 18 ਜਾਜਕਾਈ ਗੋਤ ਦੀਆਂ ਕੁਝ ਜ਼ਿੰਮੇਵਾਰੀਆਂ ਅਤੇ ਵਿਸ਼ੇਸ਼ ਅਧਿਕਾਰਾਂ ਦੀ ਚਰਚਾ ਕਰਦਾ ਹੈ। ਪਰਮੇਸ਼ੁਰ ਨੇ ਜਾਜਕਾਂ ਨੂੰ ਪਵਿੱਤਰ ਅਸਥਾਨ ਦੀ ਪਵਿੱਤਰਤਾਈ ਨੂੰ ਬਰਕਰਾਰ ਰੱਖਣ ਦੁਆਰਾ ਲੋਕਾਂ ਨੂੰ ਉਸ ਦੇ ਕਰੋਧ ਤੋਂ ਸੁਰੱਖਿਅਤ ਰੱਖਣ ਦੀ ਜ਼ਿੰਮੇਵਾਰੀ ਦਿੱਤੀ ਸੀ। ਲੇਵੀਆਂ ਨੇ ਉਨ੍ਹਾਂ ਦੀ ਇਸ ਕੰਮ ਵਿਚ ਸਹਾਇਤਾ ਕਰਨੀ ਸੀ। ਕਿਉਂਕਿ ਇਨ੍ਹਾਂ ਸੇਵਾਵਾਂ ਅਤੇ ਹੋਰ ਸੇਵਾਵਾਂ ਨੂੰ ਪੂਰਾ ਕਰਨਾ ਉਨ੍ਹਾਂ ਦੇ ਪੂਰਨ ਸਮੇਂ ਦਾ ਕੰਮ ਹੋਣਾ ਸੀ, ਜਾਜਕਾਂ ਅਤੇ ਲੇਵੀਆਂ ਦੋਹਾਂ ਦਾ ਲੋਕਾਂ ਦੁਆਰਾ ਸਮਰਥਨ ਕੀਤਾ ਜਾਣਾ ਸੀ (ਵੇਖੋ *ਵਾਧੂ ਅਧਿਐਨ: ਜਾਜਕ ਅਤੇ ਲੇਵੀ*, ਸਫ਼ਾ 147)।

ਅਧਿਆਇ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲਾ ਭਾਗ (18:1-20) ਜਾਜਕਪੁਣੇ ਦੇ ਭਾਰਾਂ ਅਤੇ ਬਰਕਤਾਂ ਦਾ ਵਰਣਨ ਕਰਦਾ ਹੈ, ਹਾਲਾਂਕਿ ਇਹ ਲੇਵੀਆਂ ਦਾ ਵੀ ਹਵਾਲਾ ਦਿੰਦਾ ਹੈ। ਦੂਜਾ ਭਾਗ (18:21-32) ਦੱਸਦਾ ਹੈ ਕਿ ਕਿਵੇਂ ਲੇਵੀਆਂ ਦਾ ਸਮਰਥਨ ਕੀਤਾ ਜਾਣਾ ਸੀ।

## ਜਾਜਕਾਈ ਦੇ ਭਾਰ (18:1-7)

**[1]ਫੇਰ ਯਹੋਵਾਹ ਨੇ ਹਾਰੂਨ ਨੂੰ ਆਖਿਆ ਕਿ ਤੂੰ ਅਤੇ ਤੇਰੇ ਪੁੱਤ੍ਰ ਅਤੇ ਤੇਰੇ ਪਿਤਾ ਦਾ ਘਰਾਣਾ
ਤੇਰੇ ਸੰਗ ਪਵਿੱਤ੍ਰ ਅਸਥਾਨ ਦੀ ਬਦੀ ਨੂੰ ਚੁੱਕੋਗੇ ਅਤੇ ਤੂੰ ਅਰ ਤੇਰੇ ਸੰਗ ਤੇਰੇ ਪੁੱਤ੍ਰ ਆਪਣੀ
ਜਾਜਕਾਈ ਦੀ ਬਦੀ ਨੂੰ ਚੁੱਕੋਗੇ। [2]ਅਤੇ ਆਪਣੇ ਭਰਾਵਾਂ ਨੂੰ ਵੀ ਜਿਹੜੇ ਲੇਵੀ ਦੇ ਗੋਤ ਦੇ ਅਤੇ ਤੇਰੇ
ਪਿਉ ਦੇ ਗੋਤ ਦੇ ਹਨ ਆਪਣੇ ਨੇੜੇ ਲਿਆ ਕਿ ਓਹ ਤੇਰੇ ਨਾਲ ਮਿਲ ਕੇ ਤੇਰੀ ਟਹਿਲ ਸੇਵਾ ਕਰਨ
ਪਰ ਤੂੰ ਅਤੇ ਤੇਰੇ ਸੰਗ ਤੇਰੇ ਪੁੱਤ੍ਰ ਸਾਖੀ ਦੇ ਤੰਬੂ ਦੇ ਅੱਗੇ ਰਹੋ। [3]ਤਾਂ ਜੋ ਓਹ ਤੇਰੀ ਜੁੰਮੇਵਾਰੀ ਨੂੰ
ਅਤੇ ਸਾਰੇ ਤੰਬੂ ਦੀ ਜੁੰਮੇਵਾਰੀ ਨੂੰ ਸਾਂਭਣ ਪਰੰਤੂ ਪਵਿੱਤ੍ਰ ਅਸਥਾਨ ਦੇ ਭਾਂਡਿਆਂ ਕੋਲ ਅਤੇ ਜਗਵੇਦੀ
ਕੋਲ ਓਹ ਨਾ ਆਉਣ ਕਿ ਓਹ ਮਰ ਨਾ ਜਾਣ, ਨਾ ਓਹ ਨਾ ਤੁਸੀਂ। [4]ਪਰ ਓਹ ਤੇਰੇ ਸੰਗ ਮਿਲਾਏ
ਜਾਣ ਅਰ ਓਹ ਮੰਡਲੀ ਦੇ ਤੰਬੂ ਦੀ ਜੁੰਮੇਵਾਰੀ ਸਾਂਭਣ। ਓਹ ਤੰਬੂ ਦੀ ਸਾਰੀ ਟਹਿਲ ਸੇਵਾ ਕਰਨ
ਪਰ ਕੋਈ ਓਪਰਾ ਤੁਹਾਡੇ ਨੇੜੇ ਨਾ ਆਵੇ। [5]ਅਤੇ ਤੁਸੀਂ ਪਵਿੱਤ੍ਰ ਅਸਥਾਨ ਦੀ ਜੁੰਮੇਵਾਰੀ ਨੂੰ ਅਤੇ
ਜਗਵੇਦੀ ਦੀ ਜੁੰਮੇਵਾਰੀ ਨੂੰ ਸਾਂਭੋ ਤਾਂ ਜੋ ਕ੍ਰੋਧ ਫੇਰ ਇਸਰਾਏਲੀਆਂ ਦੇ ਉੱਤੇ ਨਾ ਹੋਵੇ। [6]ਅਤੇ ਵੇਖੋ,
ਮੈਂ ਆਪ ਤੁਹਾਡੇ ਲੇਵੀ ਭਰਾਵਾਂ ਨੂੰ ਇਸਰਾਏਲੀਆਂ ਦੇ ਵਿੱਚੋਂ ਲੈ ਲਿਆ। ਤੁਹਾਡੇ ਲਈ ਉਹ ਇੱਕ
ਦਾਤ ਹੈ ਜਿਹੜੀ ਯਹੋਵਾਹ ਲਈ ਦਿੱਤੀ ਗਈ ਹੈ ਤਾਂ ਜੋ ਓਹ ਮੰਡਲੀ ਦੇ ਤੰਬੂ ਦੀ ਟਹਿਲ ਸੇਵਾ**

**ਕਰਨ। [7]ਪਰ ਤੂੰ ਅਤੇ ਤੇਰੇ ਸੰਗ ਤੇਰੇ ਪੁੱਤ੍ਰ ਆਪਣੀ ਜਾਜਕਾਈ ਨੂੰ - ਜਗਵੇਦੀ ਦਾ ਅਤੇ ਪੜਦੇ ਦੇ ਅੰਦਰਲਾ ਸਭ ਕੁਝ ਸਾਂਭੋ, ਇਉਂ ਤੁਸੀਂ ਉਪਾਸਨਾ ਕਰੋ। ਮੈਂ ਤੁਹਾਨੂੰ ਜਾਜਕਾਈ ਵਿੱਚ ਦਾਨ ਵਾਲੀ ਸੇਵਾ ਵਾਂਙੁ ਦਿੱਤੀ ਹੈ, ਪਰ ਜਿਹੜਾ ਓਪਰਾ ਨੇੜੇ ਆਵੇ ਉਹ ਮਾਰਿਆ ਜਾਵੇ।**

**ਆਇਤ 1.** ਜਦੋਂ ਪਿਛਲਾ ਅਧਿਆਇ ਖਤਮ ਹੋਇਆ, ਲੋਕ ਦੁਹਾਈ ਦੇ ਰਹੇ ਸਨ, "ਜੋ ਕੋਈ ਯਹੋਵਾਹ ਦੇ ਡੇਰੇ ਦੇ ਨੇੜੇ ਜਾਂਦਾ ਓਹ ਮਰ ਜਾਂਦਾ ਹੈ। ਕੀ ਅਸਾਂ ਸਾਰਿਆਂ ਦਾ ਨਾਸ ਹੋ ਜਾਵੇਗਾ?" (17:13)। ਜਦੋਂ ਇਹ ਅਧਿਆਇ ਸ਼ੁਰੂ ਹੁੰਦਾ ਹੈ, ਪਰਮੇਸ਼ੁਰ ਹਾਰੂਨ ਨਾਲ ਗੱਲ ਕਰ ਰਿਹਾ ਸੀ। ਪਰਮੇਸ਼ੁਰ ਨੇ ਆਖਿਆ, **ਤੂੰ ਅਤੇ ਤੇਰੇ ਪੁੱਤ੍ਰ ਅਤੇ ਤੇਰੇ ਪਿਤਾ ਦਾ ਘਰਾਣਾ ਤੇਰੇ ਸੰਗ ਪਵਿੱਤ੍ਰ ਅਸਥਾਨ ਦੀ ਬਦੀ ਨੂੰ ਚੁੱਕੋਗੇ ਅਤੇ ਤੂੰ ਅਰ ਤੇਰੇ ਸੰਗ ਤੇਰੇ ਪੁੱਤ੍ਰ ਆਪਣੀ ਜਾਜਕਾਈ ਦੀ ਬਦੀ ਨੂੰ ਚੁੱਕੋਗੇ।**

ਇਸਰਾਏਲੀਆਂ ਨੇ ਪਰਮੇਸ਼ੁਰ ਦੇ ਕਰੋਧ ਦਾ ਅਨੁਭਵ ਕੀਤਾ ਸੀ ਅਤੇ ਹੁਣ ਉਨ੍ਹਾਂ ਨੂੰ ਅਹਿਸਾਸ ਹੋ ਗਿਆ ਸੀ ਕਿ ਉਸ ਦੀ ਹਜ਼ੂਰੀ ਵਿਚ ਆਉਣਾ ਕਿੰਨਾ ਖ਼ਤਰਨਾਕ ਸੀ। ਉਨ੍ਹਾਂ ਦੀ ਸਮੱਸਿਆ ਦਾ ਹੱਲ ਹਾਰੂਨ ਦੀ ਜਾਜਕਾਈ ਸੀ। ਜਾਜਕਾਂ ਕੋਲ ਪਵਿੱਤਰ ਅਸਥਾਨ ਦੀ ਪਵਿੱਤਰਤਾਈ ਨੂੰ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਸੀ। ਜੇਕਰ ਉਹ ਉਨ੍ਹਾਂ ਦੇ ਕੰਮ ਵਿਚ ਅਸਫ਼ਲ ਹੋ ਜਾਂਦੇ ਹਨ, ਤਾਂ ਉਹ "ਬਦੀ ਨੂੰ ਚੁੱਕਣਗੇ"; ਪਰਮੇਸ਼ੁਰ ਲੋਕਾਂ ਨੂੰ ਨਾਸ ਕਰਨ ਦੀ ਬਜਾਇ ਉਨ੍ਹਾਂ ਨੂੰ ਸਜ਼ਾ ਦੇਵੇਗਾ। ਰੌਏ ਗੇਨ ਨੇ ਇਹ ਸਿੱਟਾ ਕੱਢਿਆ ਸੀ ਕਿ ਕਿ ਆਇਤ 1 "ਦਾ ਅਰਥ ਹੈ ਕਿ ਜੇਕਰ ਇਕ ਜਾਂ ਇਕ ਤੋਂ ਵੱਧ ਉਹ ਲੋਕ ਜੋ ਲੇਵੀ ਨਹੀਂ ਸਨ ਪਵਿੱਤਰ ਅਸਥਾਨ ਦੀ ਪਵਿੱਤਰਤਾਈ ਦੀ ਉਲੰਘਣਾ ਕਰਨਗੇ, ਸਿਰਫ ਉਨ੍ਹਾਂ ਲੇਵੀਆਂ ਦੇ ਵਿਰੁੱਧ ਰੱਬੀ ਕਰੋਧ ਭੜਕੇਗਾ, ਖੁਦ ਉਨ੍ਹਾਂ ਵਿਅਕਤੀਆਂ ਤੋਂ ਇਲਾਵਾ ਜਿਨ੍ਹਾਂ ਨੂੰ ਇਖ਼ਤਿਆਰ ਨਹੀਂ ਸੀ ਦਿੱਤਾ ਗਿਆ।"[1] ਆਇਤ 1 ਵਿਚ ਬਿਧੀ ਦਾ ਇਹ ਪ੍ਰਬੰਧ, ਹਾਲਾਂਕਿ ਇਹ ਪਹਿਲਾਂ ਪੁਸਤਕ ਵਿਚ ਪਾਈਆਂ ਜਾਣ ਵਾਲੀਆਂ ਸੱਚਾਈਆਂ ਬਣਿਆ ਸੀ (ਅਧਿਆਇ 1; 3; 4), ਨਵਾਂ ਸੀ। ਕੁਝ ਮਨੁੱਖਾਂ ਦੇ ਕਾਰਣ ਪਰਮੇਸ਼ੁਰ ਨੇ ਸਾਰੀ ਕੌਮ ਨੂੰ ਨਾਸ ਕਰਨ ਦੀ ਧਮਕੀ ਦਿੱਤੀ ਸੀ (16:21), ਪਰ ਹੁਣ ਉਸ ਨੇ ਲੋਕਾਂ ਨੂੰ "ਪਵਿੱਤਰ ਅਸਥਾਨ ਤੇ ਦਖਲਅੰਦਾਜ਼ੀ ਕਰਨ ਦੇ ਲਈ ਜ਼ਿੰਮੇਵਾਰੀ ਦੇ ਉੱਚੇ ਪੱਧਰ" ਦੇ ਬਾਰੇ ਚੇਤੇ ਕਰਾਇਆ ਅਤੇ ਜਾਜਕਾਂ ਅਤੇ ਲੇਵੀਆਂ ਦੀਆਂ ਜ਼ਿੰਮੇਵਾਰੀਆਂ ਵਿਚ ਸੋਧ ਕੀਤੀ ਤਾਂ ਜੋ "ਸਿਰਫ ਉਹ, ਨਾ ਕਿ ਵੱਡੇ ਪੱਧਰ ਤੇ ਸਾਰਾ ਸਮਾਜ, ਹੁਣ ਤੋਂ ਅੱਗੇ ਦਖ਼ਲਅੰਦਾਜ਼ੀ ਦੇ ਲਈ ਯਹੋਵਾਹ ਦੇ ਹੱਥੋਂ ਮੌਤ ਨੂੰ ਝੱਲਣ (18:1, 3, 7 ਅਤੇ ਖਾਸ ਕਰਕੇ 22-23)।"[2]

ਜਾਜਕਾਈ ਗੋਤ ਨੇ ਸਾਰੇ ਲੋਕਾਂ ਵੱਲੋਂ ਰੱਬੀ ਸਜ਼ਾ ਨੂੰ ਮੋੜਨ ਦਾ ਕੰਮ ਕੀਤਾ ਸੀ। ਇਸ ਲਈ, ਜਾਜਕਾਈ ਇਕ ਬਰਕਤ ਸੀ ਜੋ ਲੋਕਾਂ ਨੂੰ ਪਰਮੇਸ਼ੁਰ ਦੇ ਕ੍ਰੋਧ ਤੋਂ ਬਚਾਉਣ ਦੇ ਲਈ ਇਸਰਾਏਲ ਨੂੰ ਦਿੱਤੀ ਗਈ ਸੀ (18:5)।

**ਆਇਤਾਂ 2, 3.** ਪਰਮੇਸ਼ੁਰ ਨੇ ਜਾਜਕਾਂ ਦੀ ਮਦਦ ਕਰਨ ਦੇ ਲਈ **ਲੇਵੀ ਦਾ ਗੋਤ** ਦਿੱਤਾ ਜਦੋਂ ਉਨ੍ਹਾਂ ਨੇ **ਸਾਖੀ ਦੇ ਤੰਬੂ ਅੱਗੇ** ਆਪਣੀਆਂ ਜੁੰਮੇਵਾਰੀਆਂ ਨੂੰ ਪੂਰਾ ਕੀਤਾ। ਉਨ੍ਹਾਂ ਨੇ ਜਾਜਕਾਂ ਦੇ **ਨਾਲ ਮਿਲ ਕੇ** ਅਤੇ **ਸਾਰੇ ਤੰਬੂ** ਦੀ ਉਨ੍ਹਾਂ ਦੀ **ਜੁੰਮੇਵਾਰੀ** ਨੂੰ ਪੂਰਾ ਕਰਨ ਵਿਚ ਉਨ੍ਹਾਂ ਦੀ **ਟਹਿਲ ਸੇਵਾ** ਕਰਨੀ ਸੀ। ਪਰਮੇਸ਼ੁਰ ਨੇ ਲੇਵੀਆਂ ਦੀਆਂ ਗਤੀਵਿਧੀਆਂ ਜਾਂ ਕੰਮਾਂ ਨੂੰ ਸੀਮਤ ਕਰ ਦਿੱਤਾ ਸੀ: ਉਹ **ਪਵਿੱਤ੍ਰ ਅਸਥਾਨ ਦੇ ਭਾਂਡਿਆਂ ਕੋਲ ਅਤੇ ਜਗਵੇਦੀ ਕੋਲ ਨਹੀਂ** ਸੀ ਆ ਸਕਦੇ। ਅਰਥਾਤ, ਉਨ੍ਹਾਂ ਨੂੰ ਡੇਹਰੇ ਦੇ ਵਿਚ ਵੜਨ ਜਾਂ ਇਸ ਵਿਚ ਜਿੰਨੀਆਂ ਵੀ ਪਵਿੱਤ੍ਰ ਚੀਜ਼ਾਂ ਸਨ ਉਨ੍ਹਾਂ ਨੂੰ ਹੱਥ ਲਾਉਣ ਦੀ ਇਜਾਜ਼ਤ ਨਹੀਂ ਸੀ। ਜੇਕਰ ਉਹ ਡੇਹਰੇ ਦੇ ਅੰਦਰ ਵੜਦੇ ਜਾਂ ਪਵਿੱਤ੍ਰ ਚੀਜ਼ਾਂ ਨੂੰ ਹੱਥ ਲਾਉਂਦੇ ਸਨ, ਉਹ ਅਤੇ ਜਾਜਕ ਦੋਵੇਂ ਜਿਨ੍ਹਾਂ ਨੇ ਉਨ੍ਹਾਂ ਨੂੰ ਇਸ ਤਰ੍ਹਾਂ ਕਰਨ ਦਿੱਤਾ ਸੀ ਮਰ ਜਾਣੇ ਸਨ। ਆਇਤ 3 ਇਹ ਸਮਝਾਉਣ ਵਿਚ ਮਦਦ ਕਰ ਸਕਦੀ ਹੈ ਕਿ ਜਾਜਕ ਕਿਵੇਂ "ਬਦੀ ਨੂੰ

ਚੁੱਕਣਗੇ" (18:1) ਜਦੋਂ ਅਣਅਧਿਕਾਰਤ ਲੋਕ ਉਸ ਥਾਂ ਦੀ ਉਲੰਘਣਾ ਕਰਦੇ ਸਨ ਜੋ ਪਵਿੱਤਰ ਸੀ ਅਤੇ ਕਿਵੇਂ, ਇਸ ਦੇ ਨਾਲ-ਨਾਲ, ਉਹ ਕੌਮ ਨੂੰ ਪਰਮੇਸ਼ੁਰ ਦੇ ਕ੍ਰੋਧ ਦਾ ਅਨੁਭਵ ਕਰਨ ਤੋਂ ਬਚਾਉਣ ਵਿਚ ਮਦਦ ਕਰਨਗੇ (18:5)। ਦੋਸ਼ੀਆਂ ਨੂੰ ਮਾਫ਼ ਨਹੀਂ ਕੀਤਾ ਜਾਵੇਗਾ; ਉਹ ਜਰੂਰ ਮਰਨਗੇ। ਇਸ ਤੋਂ ਇਲਾਵਾ, ਜਾਜਕ ਜਾਂ ਲੇਵੀ ਜੋ ਪਾਪ ਹੋਣ ਦੇਣਗੇ ਉਹ ਵੀ ਦੋਸ਼ੀ ਠਹਿਰਾਏ ਜਾਣਗੇ; ਉਹ ਵੀ ਜਰੂਰ ਮਰਨਗੇ। ਪਰ, ਹੁਣ ਤੋਂ ਅੱਗੇ ਪਰਮੇਸ਼ੁਰ ਦਾ ਕ੍ਰੋਧ ਇਸਰਾਏਲੀਆਂ ਉੱਤੇ ਨਹੀਂ ਹੋਵੇਗਾ (18:5); ਕਿਸੇ ਇਕ ਵਿਅਕਤੀ ਦੁਆਰਾ ਉਸ ਚੀਜ਼ ਦੀ ਬੇਅਦਬੀ ਕਰਨ ਦਾ ਜੋ ਪਵਿੱਤਰ ਸੀ ਸਾਰੀ ਕੌਮ ਤੋਂ ਬਦਲਾ ਨਹੀਂ ਲਿਆ ਜਾਵੇਗਾ।

**ਆਇਤ 4.** ਇਕ ਹੋਰ ਪਾਬੰਦੀ ਲਗਾਈ ਗਈ ਸੀ: **ਤੰਬੂ ਦੀ ਸਾਰੀ ਟਹਿਲ ਸੇਵਾ ਕਰਨ** ਲਈ ਇਕੱਲੇ ਲੇਵੀਆਂ ਨੇ ਜਾਜਕਾਂ **ਸੰਗ ਮਿਲਣਾ** ਸੀ। ਜਦੋਂ ਲੇਵੀ ਉਨ੍ਹਾਂ ਦੀ ਸੇਵਾ ਨੂੰ ਨਿਭਾ ਰਹੇ ਸਨ ਤਾਂ ਉਸ ਸਮੇਂ ਕਿਸੇ **ਓਪਰੇ** ਨੇ ਲੇਵੀਆਂ ਦੇ **ਨੇੜੇ ਨਹੀਂ ਸੀ ਆਉਣਾ** ਜਾਂ ਉਨ੍ਹਾਂ ਨਾਲ ਸ਼ਾਮਲ ਨਹੀਂ ਸੀ ਹੋਣਾ। ਜਦ ਕਿ ਅਨੁਵਾਦ ਕੀਤੇ ਗਏ ਸ਼ਬਦ "ਓਪਰਾ" (זָר, *ਜ਼ਰ)* ਦਾ ਅਕਸਰ ਅਰਥ ਹੁੰਦਾ ਹੈ ਪਰਦੇਸੀ, ਇਕ ਗੈਰ-ਇਸਰਾਏਲੀ, ਇੱਥੇ ਇਸ ਦਾ ਅਰਥ ਕੋਈ ਵੀ (ਭਾਵੇਂ ਉਹ ਇਕ ਇਸਰਾਏਲੀ ਜਾਂ ਇਕ ਪਰਦੇਸੀ) ਹੈ ਜਿਹੜਾ ਲੇਵੀ ਦੇ ਗੋਤ ਵਿੱਚੋਂ ਨਹੀਂ ਸੀ। ਆਇਤ 7 ਦੱਸਦੀ ਹੈ ਕਿ ਓਪਰਾ ਜਿਹੜਾ ਨੇੜੇ ਆਵੇਗਾ ਮਾਰਿਆ ਜਾਵੇਗਾ।

**ਆਇਤ 5.** ਜਾਜਕਾਂ, ਜਿਨ੍ਹਾਂ ਦੀ ਮਦਦ ਲੇਵੀਆਂ ਦੁਆਰਾ ਕੀਤੀ ਜਾਣੀ ਸੀ, ਉਨ੍ਹਾਂ ਨੇ **ਪਵਿੱਤ੍ਰ ਅਸਥਾਨ ਦੀ ਜੁੰਮੇਵਾਰੀ ਨੂੰ ਅਤੇ ਜਗਵੇਦੀ ਦੀ ਜੁੰਮੇਵਾਰੀ ਨੂੰ ਸਾਂਭਣਾ** ਸੀ। ਜਦੋਂ ਉਨ੍ਹਾਂ ਨੇ ਇਨ੍ਹਾਂ ਸਾਰੀਆਂ ਹਦਾਇਤਾਂ ਦੀ ਪਾਲਣਾ ਕਰਨੀ ਸੀ, ਤਾਂ **ਇਸਰਾਏਲੀਆਂ** ਕੋਲ **ਫੇਰ** ਪਰਮੇਸ਼ੁਰ ਦੇ **ਕ੍ਰੋਧ** ਤੋਂ ਡਰਨ ਦਾ ਕੋਈ ਕਾਰਣ ਨਹੀਂ ਸੀ ਹੋਣਾ।

**ਆਇਤਾਂ 6, 7.** ਇਨ੍ਹਾਂ **ਲੇਵੀ ਭਰਾਵਾਂ** ਨੂੰ ਹਾਰੂਨ ਨੂੰ (ਜਾਜਕਾਂ ਨੂੰ) **ਇੱਕ ਦਾਤ** ਦੇ ਰੂਪ ਵਿਚ ਦਿੱਤਾ ਗਿਆ ਸੀ ਜਿਹੜੀ **ਯਹੋਵਾਹ ਲਈ ਦਿੱਤੀ ਗਈ ਹੈ ਤਾਂ ਜੋ ਓਹ ਮੰਡਲੀ ਦੇ ਤੰਬੂ ਦੀ ਟਹਿਲ ਸੇਵਾ ਕਰਨ**। ਜਾਜਕਾਂ ਨੇ ਖੁਦ **ਜਗਵੇਦੀ ਅਤੇ ਪੜਦੇ ਦੇ ਅੰਦਰਲੇ ਸਭ ਕੁਝ** ਦੇ ਸੰਬੰਧ ਵਿਚ ਉਨ੍ਹਾਂ ਦੀਆਂ ਜੁੰਮੇਵਾਰੀਆਂ ਨੂੰ ਪੂਰਾ ਕਰਨਾ ਸੀ, ਅਰਥਾਤ, ਉਨ੍ਹਾਂ ਦੀਆਂ ਜੁੰਮੇਵਾਰੀਆਂ ਡੇਹਰੇ ਨਾਲ ਜੁੜੀਆਂ ਹੋਈਆਂ ਸਨ। "ਜਗਵੇਦੀ" ਹੋਮ ਦੀ ਬਲੀ ਦੀ ਜਗਵੇਦੀ ਸੀ ਅਤੇ "ਪੜਦੇ ਦੇ ਅੰਦਰਲਾ ਸਭ ਕੁਝ" ਅੱਤ ਪਵਿੱਤਰ ਅਸਥਾਨ ਦਾ ਹਵਾਲਾ ਦਿੰਦਾ ਹੈ। ਪਵਿੱਤਰ ਅਸਥਾਨ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ। **ਜਾਜਕਾਈ ਇੱਕ ਦਾਨ ਵਾਲੀ ਸੇਵਾ** ਦੇ ਰੂਪ ਵਿਚ ਸਥਾਪਤ ਕੀਤੀ ਗਈ ਸੀ; ਜੋ ਕੋਈ ਵੀ ਜਾਜਕਾਂ ਦੇ ਖੇਤਰ ਵਿਚ ਜਾਂਦਾ ਸੀ **ਮਾਰਿਆ** ਜਾਂਦਾ ਸੀ।

ਇਸ ਪੈਰ੍ਹੇ ਦਾ ਮੁੱਖ ਬਿੰਦੂ ਇਹ ਪ੍ਰਤੀਤ ਹੁੰਦਾ ਹੈ ਕਿ ਜਾਜਕ ਇਹ ਯਕੀਨੀ ਬਣਾਉਣ ਦੁਆਰਾ ਕਿ ਕੋਈ ਵੀ ਅਣਅਧਿਕਾਰਤ ਵਿਅਕਤੀ ਡੇਹਰੇ ਦੇ ਨੇੜੇ ਨਹੀਂ ਆਵੇਗਾ ਇਸਰਾਏਲੀਆਂ ਤੇ ਪਰਮੇਸ਼ੁਰ ਦੇ ਕ੍ਰੋਧ ਨੂੰ ਡਿੱਗਣ ਤੋਂ ਰੋਕਣਗੇ - ਜਾਂ ਉਨ੍ਹਾਂ ਨੇ ਉਹ **ਸੇਵਾ ਕਰਨ** ਦੀ ਕੋਸ਼ਿਸ਼ ਕੀਤੀ ਸੀ ਜੋ ਜਾਜਕਾਈ ਗੋਤ ਦੇ ਲਈ ਰੱਖੀ ਗਈ ਸੀ। ਇਹ 18:1 ਦੀ ਮਹੱਤਤਾ ਪ੍ਰਤੀਤ ਹੁੰਦੀ ਹੈ: "ਪਵਿੱਤਰ ਅਸਥਾਨ ਦੇ ਸੰਬੰਧ ਵਿਚ" ਜਾਜਕਾਂ ਨੇ "ਬਦੀ ਨੂੰ ਚੁੱਕਣਾ" ਸੀ - ਜਾਂ ਜ਼ਿੰਮੇਵਾਰ ਠਹਿਰਾਏ ਜਾਣਾ ਸੀ, ਜੇਕਰ ਕੋਈ ਅਣਅਧਿਕਾਰਤ ਵਿਅਕਤੀ ਡੇਹਰੇ ਦੇ "ਨੇੜੇ ਆਉਂਦਾ" ਅਤੇ "ਜਾਜਕਾਈ ਦੇ ਸੰਬੰਧ ਵਿਚ," ਜੇਕਰ ਕੋਈ ਵੀ ਅਯੋਗ ਵਿਅਕਤੀ ਜਾਜਕਾਈ ਕੰਮਾਂ ਨੂੰ ਕਰਨਾ ਚਾਹੁੰਦਾ।

## ਜਾਜਕਾਈ ਦੇ ਫਾਇਦੇ (18:8-20)

**8ਫੇਰ ਯਹੋਵਾਹ ਹਾਰੂਨ ਨੂੰ ਬੋਲਿਆ, ਵੇਖ, ਮੈਂ ਆਪ ਤੈਨੂੰ ਚੁੱਕਣ ਦੀਆਂ ਭੇਟਾਂ ਦੀ ਜੁੰਮੇਵਾਰੀ ਦਿੱਤੀ ਹੈ ਅਤੇ ਇਸਰਾਏਲੀਆਂ ਦੀਆਂ ਸਾਰੀਆਂ ਪਵਿੱਤ੍ਰ ਚੀਜ਼ਾਂ ਤੈਨੂੰ ਮਸਹ ਹੋਣ ਦੇ ਕਾਰਨ ਅਤੇ**

**ਤੇਰੇ ਪੁੱਤ੍ਰਾਂ ਨੂੰ ਸਦਾ ਦੇ ਹੱਕ ਲਈ ਦਿੱਤੀਆਂ ਹਨ। 9ਏਹ ਤੇਰੇ ਲਈ ਅੱਤ ਪਵਿੱਤ੍ਰ ਚੀਜ਼ਾਂ ਤੋਂ ਹੋਣਗੀਆਂ
ਜਿਹੜੀਆਂ ਅੱਗ ਤੋਂ ਬਚ ਰਹਿਣ। ਉਨ੍ਹਾਂ ਦੇ ਸਾਰੇ ਚੜ੍ਹਾਵੇ ਅਰਥਾਤ ਉਨ੍ਹਾਂ ਦੀਆਂ ਮੈਦੇ ਦੀਆਂ ਭੇਟਾਂ,
ਉਨ੍ਹਾਂ ਦੀਆਂ ਪਾਪ ਦੀਆਂ ਭੇਟਾਂ, ਅਤੇ ਉਨ੍ਹਾਂ ਦੇ ਅਪਰਾਧ ਦੀਆਂ ਭੇਟਾਂ ਜਿਹੜੀਆਂ ਓਹ ਮੈਨੂੰ ਮੋੜਦੇ
ਹਨ ਤੇਰੇ ਲਈ ਅਤੇ ਤੇਰੇ ਪੁੱਤ੍ਰਾਂ ਲਈ ਅੱਤ ਪਵਿੱਤ੍ਰ ਹੋਣਗੀਆਂ। 10ਤੁਸੀਂ ਉਨ੍ਹਾਂ ਨੂੰ ਅੱਤ ਪਵਿੱਤ੍ਰ
ਅਸਥਾਨ ਵਿੱਚ ਖਾਓ। ਹਰ ਇੱਕ ਨਰ ਉਨ੍ਹਾਂ ਨੂੰ ਖਾਵੇ। ਓਹ ਤੇਰੇ ਲਈ ਪਵਿੱਤ੍ਰ ਹੋਣਗੀਆਂ। 11ਅਤੇ
ਤੇਰੇ ਲਈ ਏਹ ਵੀ ਹੈ ਕਿ ਉਨ੍ਹਾਂ ਦੇ ਦਾਨ ਦੀ ਚੁੱਕਣ ਵਾਲੀ ਭੇਟ ਅਰਥਾਤ ਇਸਰਾਏਲੀਆਂ ਦੀਆਂ
ਸਾਰੀਆਂ ਹਿਲਾਉਣ ਵਾਲੀਆਂ ਭੇਟਾਂ ਮੈਂ ਤੈਨੂੰ ਅਤੇ ਤੇਰੇ ਸੰਗ ਤੇਰੇ ਪੁੱਤ੍ਰਾਂ ਅਤੇ ਤੇਰੀਆਂ ਧੀਆਂ ਨੂੰ
ਸਦਾ ਦੇ ਹੱਕ ਲਈ ਦਿੱਤੀਆਂ ਹਨ। ਹਰ ਇੱਕ ਜਿਹੜਾ ਤੇਰੇ ਘਰ ਵਿੱਚ ਸ਼ੁੱਧ ਹੋਵੇ ਉਹ ਉਨ੍ਹਾਂ ਨੂੰ
ਖਾਵੇ। 12ਸਭ ਤੋਂ ਚੰਗਾ ਸਾਰਾ ਤੇਲ, ਸਭ ਤੋਂ ਚੰਗਾ ਸਾਰਾ ਦਾਖ ਰਸ ਅਤੇ ਅੰਨ ਅਤੇ ਉਨ੍ਹਾਂ ਦੇ
ਪਹਿਲੇ ਫਲ ਜਿਹੜੇ ਓਹ ਯਹੋਵਾਹ ਲਈ ਦਿੰਦੇ ਹਨ ਮੈਂ ਤੈਨੂੰ ਦਿੱਤੇ। 13ਉਨ੍ਹਾਂ ਦੀ ਧਰਤੀ ਦੇ ਪਹਿਲੇ
ਫਲ ਜਿਹੜੇ ਓਹ ਯਹੋਵਾਹ ਲਈ ਲਿਆਉਂਦੇ ਹਨ ਓਹ ਤੇਰੇ ਹੋਣਗੇ। ਹਰ ਇੱਕ ਜਿਹੜਾ ਤੇਰੇ ਘਰ
ਵਿੱਚ ਹੈ ਅਤੇ ਸ਼ੁੱਧ ਹੋਵੇ, ਉਹ ਖਾਵੇ। 14ਇਸਰਾਏਲੀਆਂ ਵਿੱਚ ਸਾਰੀਆਂ ਅਰਪਣ ਕੀਤੀਆਂ ਹੋਈਆਂ
ਚੀਜ਼ਾਂ ਤੇਰੀਆਂ ਹੋਣਗੀਆਂ। 15ਸਾਰਿਆਂ ਸਰੀਰਾਂ ਵਿੱਚੋਂ ਕੁੱਖ ਦੇ ਖੋਲ੍ਹਣ ਵਾਲੇ ਜਿਹੜੇ ਓਹ ਯਹੋਵਾਹ
ਲਈ ਲਿਆਉਣ ਭਾਵੇਂ ਆਦਮੀ ਦਾ ਭਾਵੇਂ ਡੰਗਰ ਦਾ, ਓਹ ਵੀ ਤੇਰੇ ਲਈ ਹੋਣਗੇ ਤਾਂ ਵੀ ਆਦਮੀ
ਦੇ ਪਲੋਠੇ ਦੇ ਨਿਸਤਾਰਾ ਦਾ ਮੁੱਲ ਜਰੂਰ ਦੇਣਾ ਨਾਲੇ ਅਸ਼ੁੱਧ ਡੰਗਰਾਂ ਦੇ ਪਲੋਠਿਆਂ ਦੇ ਨਿਸਤਾਰਾ
ਦਾ ਮੁੱਲ ਦੇਣਾ। 16ਜਿਨ੍ਹਾਂ ਦੇ ਨਿਸਤਾਰੇ ਦਾ ਮੁੱਲ ਤੈਂ ਦੇਣਾ ਹੋਵੇ ਇੱਕ ਮਹੀਨੇ ਤੋਂ ਉੱਪਰ ਵਾਲੇ ਦਾ ਤੂੰ
ਨਿਸਤਾਰੇ ਦਾ ਮੁੱਲ ਦੇਹ ਅਰਥਾਤ ਆਪਣੇ ਠਹਿਰਾਏ ਹੋਏ ਲੇਖੇ ਅਨੁਸਾਰ ਚਾਂਦੀ ਦੇ ਪੰਜ ਰੁਪਏ
ਪਵਿੱਤ੍ਰ ਅਸਥਾਨ ਦੇ ਸ਼ਕਲ ਅਨੁਸਾਰ ਜਿਹੜਾ ਵੀਹ ਗੀਰਹ ਦਾ ਹੈ। 17ਪਰੰਤੂ ਗਊ ਦੇ ਪਲੋਠੇ,
ਭੇਡ ਦੇ ਪਲੋਠੇ ਅਤੇ ਬੱਕਰੀ ਦੇ ਪਲੋਠੇ ਦਾ ਨਿਸਤਾਰੇ ਦਾ ਮੁੱਲ ਨਾ ਦੇਣਾ, ਓਹ ਪਵਿੱਤ੍ਰ ਹਨ। ਉਨ੍ਹਾਂ
ਦਾ ਲਹੂ ਤੂੰ ਜਗਵੇਦੀ ਉੱਤੇ ਛਿੜਕੀਂ ਅਤੇ ਉਨ੍ਹਾਂ ਦੀ ਚਰਬੀ ਯਹੋਵਾਹ ਲਈ ਸੁਗੰਧਤਾ ਕਰਕੇ ਅੱਗ
ਦੀ ਭੇਟ ਲਈ ਸਾੜ ਦੇਵੀਂ। 18ਉਨ੍ਹਾਂ ਦਾ ਮਾਸ ਤੇਰਾ ਹੋਵੇਗਾ ਜਿਵੇਂ ਹਿਲਾਇਆ ਹੋਇਆ ਸੀਨਾ ਅਤੇ
ਸੱਜੀ ਰਾਣ ਤੇਰੇ ਹਨ। 19ਸਾਰੀਆਂ ਪਵਿੱਤ੍ਰ ਚੀਜ਼ਾਂ ਦੀਆਂ ਚੁੱਕਣ ਵਾਲੀਆਂ ਭੇਟਾਂ ਜਿਹੜੀਆਂ
ਇਸਰਾਏਲੀ ਯਹੋਵਾਹ ਲਈ ਚੁੱਕਣ ਮੈਂ ਤੈਨੂੰ ਅਤੇ ਤੇਰੇ ਪੁੱਤ੍ਰਾਂ ਅਤੇ ਤੇਰੀਆਂ ਧੀਆਂ ਨੂੰ ਤੇਰੇ ਨਾਲ
ਸਦਾ ਦੇ ਹੱਕ ਲਈ ਦਿੱਤੀਆਂ ਹਨ। ਏਹ ਲੂਣ ਦਾ ਸਦਾ ਦਾ ਨੇਮ ਯਹੋਵਾਹ ਅੱਗੇ ਤੇਰੇ ਲਈ ਅਤੇ
ਤੇਰੀ ਅੰਸ ਲਈ ਹੋਵੇ। 20ਤਾਂ ਯਹੋਵਾਹ ਨੇ ਹਾਰੂਨ ਨੂੰ ਆਖਿਆ, ਉਨ੍ਹਾਂ ਦੀ ਧਰਤੀ ਵਿੱਚ ਕੋਈ
ਵਿਰਸਾ ਨਾ ਲਵੀਂ, ਨਾ ਉਨ੍ਹਾਂ ਵਿੱਚ ਤੇਰਾ ਕੋਈ ਹਿੱਸਾ ਹੋਵੇਗਾ। ਤੇਰਾ ਹਿੱਸਾ ਤੇ ਤੇਰਾ ਵਿਰਸਾ
ਇਸਰਾਏਲੀਆਂ ਵਿੱਚ ਮੈਂ ਹਾਂ।**

ਕਿਉਂਕਿ ਜਾਜਕ ਪਰਮੇਸ਼ੁਰ ਦੇ ਕ੍ਰੋਧ ਤੋਂ ਸੁਰੱਖਿਆ ਪ੍ਰਦਾਨ ਕਰਦੇ ਸਨ, ਉਨ੍ਹਾਂ ਦਾ ਬਾਕੀ ਦੇ ਇਸਰਾਏਲੀਆਂ ਦੁਆਰਾ ਸਮਰਥਨ ਕੀਤਾ ਜਾਣਾ ਸੀ। 8 ਤੋਂ 20 ਆਇਤਾਂ ਇਸ ਦੀ ਵਿਆਖਿਆ ਕਰਦੀਆਂ ਹਨ ਕਿ ਉਹ ਸਮਰਥਨ ਜਾਂ ਸਹਾਇਤਾ ਕਿਵੇਂ ਦਿੱਤੀ ਜਾਣੀ ਸੀ।

**ਆਇਤ 8.** ਪਰਮੇਸ਼ੁਰ ਨੇ **ਹਾਰੂਨ** ਨੂੰ ਆਖਿਆ ਕਿ ਉਸ ਨੇ **ਭੇਟਾਂ** ਨੂੰ ਨਿਰਧਾਰਤ ਕੀਤਾ ਸੀ ਜੋ ਜਾਜਕਾਂ ਅਤੇ ਉਨ੍ਹਾਂ ਦੇ **ਪੁੱਤ੍ਰਾਂ** ਦੇ ਲਈ ਇਕ **ਹਿੱਸੇ**, **ਸਦਾ ਦੇ ਹੱਕ** ਦੇ ਤੌਰ ਤੇ ਉਸ ਦੇ ਕੋਲ ਲਿਆਂਦੀਆਂ ਗਈਆਂ ਸਨ। ਹੋਰ ਵੀ ਕਈ ਬੰਦ ਜਾਜਕਾਂ ਦੁਆਰਾ ਲੋਕਾਂ ਕੋਲੋਂ ਭੇਟਾਂ ਲੈਣ ਦੀ ਗੱਲ ਕਰਦੇ ਹਨ।[3]

**ਆਇਤਾਂ 9-18.** ਪਰਮੇਸ਼ੁਰ ਨੇ ਵਿਸ਼ੇਸ਼ ਤੌਰ ਤੇ ਦੱਸਿਆ ਕਿ ਜਾਜਕਾਂ ਨੇ ਇਨ੍ਹਾਂ ਅੱਤ ਪਵਿੱਤ੍ਰ ਚੀਜ਼ਾਂ ਵਿੱਚੋਂ ਕਿਹੜੀਆਂ ਚੀਜ਼ਾਂ ਲੈਣੀਆਂ ਸਨ:

1. **ਮੈਦੇ**, **ਪਾਪ** ਅਤੇ **ਅਪਰਾਧ ਦੀਆਂ ਭੇਟਾਂ** ਵਿੱਚੋਂ ਹਿੱਸਾ ਜੋ ਜਗਵੇਦੀ ਤੇ ਨਹੀਂ ਸੀ ਸਾੜਿਆ ਗਿਆ (**ਅੱਗ ਤੋਂ ਬਚ ਰਿਹਾ ਸੀ**; 18:9, 10)।
2. **ਹਿਲਾਉਣ ਵਾਲੀਆਂ ਭੇਟਾਂ** (18:11)। "ਹਿਲਾਉਣ ਦੀਆਂ ਭੇਟਾਂ" ਸੁਖ ਸਾਂਦ ਦੀ ਭੇਟ ਦੇ ਹਿੱਸੇ ਦੀਆਂ ਬਣੀਆਂ ਹੋਈਆਂ ਸਨ ਜੋ ਜਾਜਕਾਂ ਨੂੰ ਖਾਣ ਦੇ ਲਈ ਦਿੱਤਾ ਗਿਆ ਸੀ। ਸੁਖ ਸਾਂਦ ਦੀ ਭੇਟ ਦਾ ਬਾਕੀ ਬਚਿਆ ਹਿੱਸਾ ਉਸ ਅਰਾਧਕ ਦੁਆਰਾ ਖਾਧਾ ਗਿਆ ਸੀ ਜਿਹੜਾ ਇਸ ਨੂੰ ਲੈ ਕੇ ਆਇਆ ਸੀ।
3. ਹਰੇਕ ਚੀਜ਼ ਦੇ **ਪਹਿਲੇ ਫਲ** - ਦਾਖ ਰਸ, ਖੇਤ ਅਤੇ ਡੰਗਰਾਂ, ਨਾਲੇ ਹਰ ਪਲੋਠੇ ਪੁੱਤਰ ਦੀ ਉਪਜ (18:12, 13, 15-18)।[4]
4. **ਸਾਰੀਆਂ ਅਰਪਣ ਕੀਤੀਆਂ ਹੋਈਆਂ ਚੀਜ਼ਾਂ** - ਹਰੇਕ ਚੀਜ਼ ਜੋ ਪਰਮੇਸ਼ੁਰ ਦੇ ਅੱਗੇ ਸੁੱਖੀ ਗਈ ਸੁੱਖਣਾ ਦੇ ਨਤੀਜੇ ਵਜੋਂ ਦਿੱਤੀ ਗਈ ਸੀ (18:14)।

ਭੇਟਾਂ ਦੀ ਇਸ ਸੂਚੀ ਵਿਚ ਇਕ ਭੇਟ ਜਿਸ ਨੂੰ ਸ਼ਾਮਲ ਨਹੀਂ ਕੀਤਾ ਗਿਆ ਸੀ ਉਹ ਹੈ ਹੋਮ ਦੀ ਬਲੀ, ਕਿਉਂਕਿ ਇਸ ਭੇਟ ਵਿਚ ਸਾਰਾ ਜਾਨਵਰ ਅੱਗ ਭਸਮ ਕਰ ਦਿੰਦੀ ਸੀ ਅਤੇ ਜਾਜਕਾਂ ਨੂੰ ਇਸ ਦਾ ਕੋਈ ਫਾਇਦਾ ਨਹੀਂ ਸੀ ਹੁੰਦਾ।

ਜਾਜਕਾਈ ਜੁੰਮੇਵਾਰੀਆਂ ਨੂੰ ਨਿਭਾਉਣ ਦੇ ਫਾਇਦਿਆਂ ਦੀ ਇਸ ਸੂਚੀ ਵਿਚ ਉਹ ਨਿਯਮ ਸਨ ਜਿਨ੍ਹਾਂ ਦੀ ਉਨ੍ਹਾਂ ਦੇ ਸੰਬੰਧ ਵਿਚ ਪਾਲਣਾ ਕੀਤੀ ਜਾਣੀ ਸੀ। ਪਹਿਲਾ ਨਿਯਮ, "ਅੰਨ," "ਪਾਪ" ਅਤੇ "ਅਪਰਾਧ ਦੀਆਂ ਭੇਟ [ਭੇਟਾਂ]" ਦੇ ਜਾਜਕਾਂ ਦੇ ਹਿੱਸੇ ਜਾਜਕਾਈ ਘਰਾਣੇ ਵਿਚ **ਹਰ ਇੱਕ ਨਰ** ਦੁਆਰਾ ਖਾਧੇ ਜਾ ਸਕਦੇ ਸਨ (18:10)। ਦੂਜਾ ਨਿਯਮ, ਹਿਲਾਉਣ ਦੀਆਂ ਭੇਟਾਂ ਜਾਜਕ ਦੇ ਘਰਾਣੇ ਦੇ ਕਿਸੇ ਵੀ ਜੀਅ ਦੁਆਰਾ ਖਾਧੀਆਂ ਜਾ ਸਕਦੀਆਂ ਸਨ ਜਿਹੜਾ ਰਸਮੀ ਤੌਰ ਤੇ **ਸ਼ੁੱਧ** ਸੀ (18:11)। ਭੋਜਨ ਨੂੰ **ਪਵਿੱਤ੍ਰ** ਸਮਝਿਆ ਗਿਆ ਸੀ ਕਿਉਂਕਿ ਇਹ ਪਰਮੇਸ਼ੁਰ ਨੂੰ ਦਿੱਤਾ ਗਿਆ ਸੀ (18:9, 10); ਇਸ ਲਈ, ਇਹ ਸਿਰਫ ਉਨ੍ਹਾਂ ਦੁਆਰਾ ਖਾਧਾ ਜਾ ਸਕਦਾ ਸੀ ਜਿਹੜੇ "ਸ਼ੁੱਧ" ਸਨ। ਤੀਜਾ ਨਿਯਮ, "ਪਹਿਲੇ ਫਲਾਂ" ਸੰਬੰਧੀ ਵਿਸ਼ੇਸ਼ ਨਿਯਮ ਦਿੱਤੇ ਗਏ ਸਨ। ਉਹ ਜਾਜਕਾਈ ਪਰਿਵਾਰਾਂ ਵਿਚ ਕਿਸੇ ਦੁਆਰਾ ਵੀ ਖਾਧੇ ਜਾ ਸਕਦੇ ਸਨ ਜਿਹੜਾ ਰਸਮੀ ਤੌਰ ਤੇ **ਸ਼ੁੱਧ** ਸੀ (18:13)। ਆਦਮੀ ਦੇ ਪਲੋਠੇ ਨੂੰ ਨਿਸਤਾਰਾ ਦਿਵਾਉਣ ਦੇ ਲਈ, ਪਰਮੇਸ਼ੁਰ ਨੂੰ ਨਿਸਤਾਰੇ ਦਾ ਮੁੱਲ ਦੇਣਾ ਪੈਣਾ ਸੀ (ਇਸ ਨੂੰ ਜਾਜਕਾਂ ਨੂੰ ਦੇਣ ਦੁਆਰਾ)। **ਚਾਂਦੀ ਦੇ ਪੰਜ ਰੁਪਏ** ਜੋ ਰਕਮ ਦੱਸੀ ਗਈ ਸੀ, ਉਹ ਬੱਚੇ ਦੇ ਮੁੱਲ ਨੂੰ ਦਰਸਾਉਂਦੀ ਸੀ (18:15, 16; ਵੇਖੋ 3:47)। ਸ਼ੁੱਧ ਪਸ਼ੂਆਂ ਦਾ ਪਲੋਠਾ (**ਗਊ**, **ਭੇਡ**, ਜਾਂ **ਬੱਕਰੀ**) ਪਰਮੇਸ਼ੁਰ ਨੂੰ ਭੇਟ ਦੇ ਰੂਪ ਵਿਚ ਚੜ੍ਹਾਇਆ ਜਾਣਾ ਸੀ। ਜਾਜਕ ਨੇ ਪਸ਼ੂਆਂ ਦੇ **ਲਹੂ ਨੂੰ ਜਗਵੇਦੀ ਉੱਤੇ ਛਿੜਕਣਾ ...** [ਇਸ ਦੀ] **ਚਰਬੀ ਯਹੋਵਾਹ ਲਈ ਸੁਗੰਧਤਾ ਕਰਕੇ ਅੱਗ ਦੀ ਭੇਟ ਲਈ ਸਾੜਨੀ** ਸੀ; ਪਰ ਇਸ ਦਾ ਮਾਸ ਜਾਜਕਾਂ ਨੂੰ ਦਿੱਤਾ ਜਾਣਾ ਸੀ।

**ਆਇਤ 19.** ਇਕ ਸੰਖੇਪ ਕਥਨ ਪਰਮੇਸ਼ੁਰ ਦੀ ਯੋਜਨਾ ਨੂੰ ਦੁਹਰਾਉਂਦਾ ਹੈ। ਇਹ ਕਹਿੰਦਾ ਹੈ ਕਿ ਪਰਮੇਸ਼ੁਰ ਦੇ ਲਈ ਲਿਆਂਦੀਆਂ ਗਈਆਂ **ਪਵਿੱਤ੍ਰ ਚੀਜ਼ਾਂ ਦੀਆਂ ਭੇਟਾਂ ਯਹੋਵਾਹ ਅੱਗੇ ਲੂਣ ਦਾ ਸਦਾ ਦਾ ਨੇਮ** ਅਨੁਸਾਰ **ਸਦਾ ਦੇ ਹੱਕ** ਹੋਣੀਆਂ ਸਨ। ਕਿਉਂਕਿ "ਲੂਣ" ਆਮ ਤੌਰ ਤੇ ਇਕ ਰੱਖਿਅਕ ਦੇ ਰੂਪ ਵਿਚ ਵਰਤਿਆ ਜਾਂਦਾ ਸੀ, ਇਹ ਪਰਤੱਖ ਰੂਪ ਵਿਚ "ਨੇਮ" ਦੇ ਟਿਕਾਊ ਸੁਭਾਅ ਦਾ ਪ੍ਰਤੀਕ ਸੀ (ਵੇਖੋ ਲੇਵੀਆਂ 2:13; 2 ਇਤਹਾਸ 13:5)। ਇਸ ਨੇਮ ਦੀ ਪਾਲਣਾ ਮੂਸਾ ਦੇ ਅਤੇ ਹਾਰੂਨ ਦੇ ਸਮੇਂ ਦੇ ਲੋਕਾਂ ਅਤੇ ਉਨ੍ਹਾਂ ਦੀ ਸਾਰੀ **ਅੰਸ** ਦੁਆਰਾ ਕੀਤੀ ਜਾਣੀ ਸੀ। ਜਿਵੇਂ ਲੂਣ ਅਵਿਨਾਸ਼ੀ ਸੀ, ਉਸੇ ਤਰ੍ਹਾਂ ਜਾਜਕਾਈ ਦੇ ਸਹਿਯੋਗ ਸੰਬੰਧੀ ਬਿਧੀਆਂ ਸਨ।

**ਆਇਤ 20.** ਪਰਮੇਸ਼ੁਰ ਨੇ **ਹਾਰੂਨ** ਨਾਲ ਆਪਣੇ "ਇਕਰਾਰਨਾਮੇ" ਨੂੰ ਉਸ ਨੂੰ ਵਾਅਦੇ ਦੀ ਧਰਤੀ ਵਿਚ ਲੇਵੀਆਂ ਦੇ **ਹਿੱਸੇ** ਬਾਰੇ ਦੱਸ ਕੇ ਖਤਮ ਕੀਤਾ ਸੀ। ਬਾਰਾਂ ਦੇ ਬਾਰਾਂ ਗੋਤਾਂ ਨੂੰ ਕਨਾਨ

ਵਿਚ ਜਾਇਦਾਦ ਦਾ ਹਿੱਸਾ ਮਿਲਨਾ ਸੀ; ਪਰ ਲੇਵੀਆਂ ਨੂੰ, ਜਾਜਕਾਂ ਸਮੇਤ, ਕੁਝ ਨਹੀਂ ਸੀ ਮਿਲਿਆ। ਇਸ ਦੀ ਬਜਾਇ, ਉਨ੍ਹਾਂ ਨੂੰ ਪੂਰੇ ਦੇਸ ਵਿਚ ਅਠਤਾਲੀ ਨਗਰ ਮਿਲੇ (35:1-8)। ਹਾਲਾਂਕਿ ਹਾਰੂਨ ਨੂੰ ਕਨਾਨ ਦੀ **ਧਰਤੀ ਵਿੱਚ ਕੋਈ ਵਿਰਸਾ ਨਹੀਂ** ਮਿਲੇਗਾ, ਪਰਮੇਸ਼ੁਰ ਨੇ ਆਖਿਆ ਕਿ ਉਸ ਨੂੰ ਆਪਣੇ ਭਵਿੱਖ ਦੇ ਬਾਰੇ ਕੋਈ ਚਿੰਤਾ ਕਰਨ ਦੀ ਲੋੜ ਨਹੀਂ ਹੈ: **ਤੇਰਾ ਹਿੱਸਾ ਤੇ ਤੇਰਾ ਵਿਰਸਾ ਇਸਰਾਏਲੀਆਂ ਵਿੱਚ ਮੈਂ ਹਾਂ।** ਭਾਵੇਂ ਕਿ ਕਨਾਨ ਦੀ ਜ਼ਮੀਨ ਕਿੰਨੀ ਵੀ ਬਹੁਮੁੱਲੀ ਸੀ, ਜਾਜਕਾਂ ਦੇ ਲਈ ਇਹ ਜਾਣਨਾ ਹੌਂਸਲੇ ਵਾਲੀ ਗੱਲ ਸੀ ਕਿ ਪਰਮੇਸ਼ੁਰ ਉਨ੍ਹਾਂ ਦਾ "ਹਿੱਸਾ" ਅਤੇ ਉਨ੍ਹਾਂ ਦਾ "ਵਿਰਸਾ" ਸੀ। ਜਿੰਨੀ ਦੇਰ ਤੱਕ ਇਸਰਾਏਲੀ ਨਿਰਧਾਰਤ ਭੇਟਾਂ ਚੜ੍ਹਾਉਂਦੇ ਰਹੇ, ਜਾਜਕਾਂ ਦੀਆਂ ਲੋੜਾਂ ਪੂਰੀਆਂ ਹੁੰਦੀਆਂ ਰਹੀਆਂ।

## ਲੇਵੀਆਂ ਦੇ ਲਈ ਇਨਾਮ – ਦਸਵੰਧ (18:21-32)

**21 ਅਤੇ ਵੇਖੋ, ਲੇਵੀਆਂ ਲਈ ਮੈਂ ਇਸਰਾਏਲੀਆਂ ਦੇ ਸਾਰਿਆਂ ਦਸਵੰਧਾਂ ਨੂੰ ਉਨ੍ਹਾਂ ਦੇ ਵਿਰਸੇ**
**ਵਿੱਚ ਉਸ ਟਹਿਲ ਸੇਵਾ ਦੇ ਬਦਲੇ ਜਿਹੜੀ ਓਹ ਮੰਡਲੀ ਦੇ ਤੰਬੂ ਵਿੱਚ ਕਰਦੇ ਹਨ ਦਿੱਤਾ ਹੈ।**
**22 ਅਤੇ ਅੱਗੇ ਨੂੰ ਇਸਰਾਏਲੀ ਮੰਡਲੀ ਦੇ ਤੰਬੂ ਦੇ ਨੇੜੇ ਨਾ ਆਉਣ ਮਤੇ ਓਹ ਪਾਪ ਚੁੱਕਣ ਅਤੇ ਮਰ**
**ਜਾਣ। 23 ਪਰ ਲੇਵੀ ਮੰਡਲੀ ਦੇ ਤੰਬੂ ਦੀ ਟਹਿਲ ਸੇਵਾ ਕਰਨ ਅਤੇ ਓਹ ਆਪਣੀ ਬਦੀ ਆਪ**
**ਚੁੱਕਣ। ਏਹ ਤੁਹਾਡੀਆਂ ਪੀੜ੍ਹੀਆਂ ਤੀਕ ਸਦਾ ਦੀ ਬਿਧੀ ਹੋਵੇ ਪਰ ਇਸਰਾਏਲੀਆਂ ਦੇ ਵਿੱਚ ਓਹ**
**ਵਿਰਸਾ ਨਾ ਪਾਉਣਗੇ। 24 ਕਿਉਂ ਜੋ ਇਸਰਾਏਲੀਆਂ ਦੇ ਦਸਵੰਧ ਨੂੰ ਜਿਹੜਾ ਓਹ ਯਹੋਵਾਹ ਲਈ**
**ਚੁੱਕਣ ਦੀ ਭੇਟ ਕਰਕੇ ਲਿਆਉਂਦੇ ਹਨ ਮੈਂ ਲੇਵੀਆਂ ਨੂੰ ਵਿਰਸੇ ਵਿੱਚ ਦਿੱਤਾ ਹੈ। ਏਸ ਲਈ ਮੈਂ ਉਨ੍ਹਾਂ**
**ਨੂੰ ਆਖਿਆ ਕਿ ਓਹ ਇਸਰਾਏਲੀਆਂ ਵਿੱਚ ਵਿਰਸਾ ਨਾ ਪਾਉਣਗੇ। 25 ਯਹੋਵਾਹ ਮੂਸਾ ਨੂੰ ਬੋਲਿਆ,**
**26 ਲੇਵੀਆਂ ਨੂੰ ਆਖ ਕਿ ਜਦ ਤੁਸੀਂ ਇਸਰਾਏਲੀਆਂ ਤੋਂ ਦਸਵੰਧ ਲੈਂਦੇ ਹੋ ਜਿਹੜਾ ਮੈਂ ਤੁਹਾਨੂੰ ਉਨ੍ਹਾਂ**
**ਵੱਲੋਂ ਤੁਹਾਡੇ ਵਿਰਸੇ ਵਿੱਚ ਦਿੱਤਾ ਹੈ ਤਾਂ ਤੁਸੀਂ ਯਹੋਵਾਹ ਲਈ ਉਸ ਤੋਂ ਚੁੱਕਣ ਦੀ ਭੇਟ ਚੜ੍ਹਾਓ**
**ਅਰਥਾਤ ਦਸਵੰਧ ਦਾ ਦਸਵੰਧ। 27 ਅਤੇ ਏਹ ਤੁਹਾਡੇ ਲੇਖੇ ਵਿੱਚ ਚੱਕਣ ਦੀ ਭੇਟ ਗਿਣੀ ਜਾਵੇ ਜਿਵੇਂ**
**ਏਹ ਪਿੜ ਦਾ ਅੰਨ ਅਤੇ ਕੋਹਲੂ ਦੇ ਦਾਖ ਰਸ ਦੀ ਭਰਪੂਰੀ ਹੈ। 28 ਇਉਂ ਤੁਸੀਂ ਵੀ ਯਹੋਵਾਹ ਲਈ**
**ਚੁੱਕਣ ਦੀ ਭੇਟ ਆਪਣਿਆਂ ਸਾਰਿਆਂ ਦਸਵੰਧਾਂ ਤੋਂ ਜਿਹੜੇ ਤੁਸੀਂ ਇਸਰਾਏਲੀਆਂ ਤੋਂ ਲੈਂਦੇ ਹੋ**
**ਚੜ੍ਹਾਓਗੇ ਅਤੇ ਤੁਸੀਂ ਉਨ੍ਹਾਂ ਤੋਂ ਯਹੋਵਾਹ ਦੀ ਚੁੱਕਣ ਦੀ ਭੇਟ ਹਾਰੂਨ ਜਾਜਕ ਨੂੰ ਦਿਓ। 29 ਆਪਣਿਆਂ**
**ਸਾਰਿਆਂ ਦਾਨਾਂ ਤੋਂ ਤੁਸੀਂ ਯਹੋਵਾਹ ਲਈ ਚੁੱਕਣ ਦੀ ਭੇਟ ਉਸ ਦੀ ਥਿੰਧਿਆਈ ਤੋਂ ਅਰਥਾਤ ਉਸ**
**ਦੇ ਪਵਿੱਤ੍ਰ ਕੀਤੇ ਹੋਏ ਹਿੱਸੇ ਤੋਂ ਚੜ੍ਹਾਓ। 30 ਅਤੇ ਤੂੰ ਉਨ੍ਹਾਂ ਨੂੰ ਆਖ ਕਿ ਜਦ ਤੁਸੀਂ ਉਸ ਦੀ**
**ਥਿੰਧਿਆਈ ਚੜ੍ਹਾਉਂਦੇ ਹੋ ਤਾਂ ਉਹ ਲੇਵੀਆਂ ਦੇ ਲੇਖੇ ਵਿੱਚ ਗਿਣੀ ਜਾਵੇ ਜਿਵੇਂ ਪਿੜ ਦੀ ਵਾਫਰੀ ਅਤੇ**
**ਕੋਹਲੂ ਦੀ ਵਾਫਰੀ ਹੈ। 31 ਤਾਂ ਤੁਸੀਂ ਉਹ ਨੂੰ ਸਾਰਿਆਂ ਥਾਵਾਂ ਵਿੱਚ ਖਾਓ, ਤੁਸੀਂ ਅਤੇ ਤੁਹਾਡੇ ਘਰਾਣੇ**
**ਕਿਉਂ ਜੋ ਉਹ ਤੁਹਾਡੇ ਲਈ ਮੰਡਲੀ ਦੇ ਤੰਬੂ ਦੀ ਟਹਿਲ ਸੇਵਾ ਦੇ ਬਦਲੇ ਤੁਹਾਡਾ ਇਨਾਮ ਹੈ।**
**32 ਅਤੇ ਤੁਸੀਂ ਉਸ ਦੇ ਕਾਰਨ ਪਾਪ ਨਹੀਂ ਕਰੋਗੇ ਜਦ ਤੁਸੀਂ ਉਸ ਦੀ ਥਿੰਧਿਆਈ ਵਿੱਚੋਂ ਚੁੱਕਿਆ,**
**ਅਤੇ ਤੁਸੀਂ ਇਸਰਾਏਲੀਆਂ ਦੀਆਂ ਪਵਿੱਤ੍ਰ ਚੀਜ਼ਾਂ ਨੂੰ ਭਰਿਸ਼ਟ ਨਾ ਕਰੋ ਮਤੇ ਤੁਸੀਂ ਮਰ ਜਾਓ।**

ਪਰਮੇਸ਼ੁਰ ਨੇ ਅਧਿਆਇ ਵਿਚ ਪਹਿਲਾਂ ਲੇਵੀਆਂ ਦੇ ਕੰਮ ਬਾਰੇ ਗੱਲ ਕੀਤੀ ਸੀ। ਕੇਂਦਰ-ਬਿੰਦੂ ਜਾਜਕਾਂ ਦੇ ਸਹਾਇਕਾਂ ਵਜੋਂ ਉਨ੍ਹਾਂ ਦੀ ਭੂਮਿਕਾ ਤੇ ਸੀ। ਅਧਿਆਇ ਦਾ ਆਖ਼ਰੀ ਹਿੱਸਾ (18:21-32) ਉਨ੍ਹਾਂ ਫਾਇਦਿਆਂ ਤੇ ਜ਼ੋਰ ਦਿੰਦਾ ਹੈ ਜੋ ਉਨ੍ਹਾਂ ਨੂੰ ਉਨ੍ਹਾਂ ਦੀ ਸੇਵਾ ਟਹਿਲ ਤੋਂ ਮਿਲਨੇ ਸਨ। ਇਹ ਜਾਜਕਾਂ ਦੀ ਸਹਾਇਤਾ ਦੇ ਲਈ ਪਰਮੇਸ਼ੁਰ ਨੂੰ ਉਨ੍ਹਾਂ ਦੇ ਇਨਾਮ ਦੇ ਹਿੱਸੇ ਵਜੋਂ ਮੋੜਨ ਦੀ ਲੇਵੀਆਂ ਦੀ ਜ਼ਿੰਮੇਵਾਰੀ ਦੇ ਬਾਰੇ ਵੀ ਦੱਸਦਾ ਹੈ।

**ਆਇਤ 21.** ਇਹ ਆਇਤ ਇਕ ਕਿਸਮ ਦੇ ਸਾਰਵਾਕ ਦੇ ਨਾਲ ਸ਼ੁਰੂ ਹੁੰਦੀ ਹੈ ਜੋ ਇਸ ਗੱਲ ਵੱਲ ਸੰਕੇਤ ਕਰ ਰਿਹਾ ਹੈ ਕਿ ਇਹ ਪੈਰ੍ਹਾ ਕਿਸ ਦੇ ਬਾਰੇ ਹੈ: **... ਲੇਵੀਆਂ ਲਈ ਮੈਂ ਇਸਰਾਏਲੀਆਂ ਦੇ ਸਾਰਿਆਂ ਦਸਵੰਧਾਂ ਨੂੰ ਉਨ੍ਹਾਂ ਦੇ ਵਿਰਸੇ ਵਿੱਚ ਉਸ ਟਹਿਲ ਸੇਵਾ ਦੇ ਬਦਲੇ ਜਿਹੜੀ ਓਹ ਮੰਡਲੀ ਦੇ ਤੰਬੂ ਵਿੱਚ ਕਰਦੇ ਹਨ ਦਿੱਤਾ ਹੈ।**

**ਆਇਤਾਂ 22, 23.** ਪਰਮੇਸ਼ੁਰ ਨੇ ਇਸ ਸੇਵਾ ਵਿਚ ਜੋ ਸ਼ਾਮਲ ਸੀ ਉਸ ਦੀ ਸੰਖੇਪ ਰੂਪ ਵਿਚ ਸਮੀਖਿਆ ਕੀਤੀ। ਪਹਿਲੀ ਗੱਲ, ਉਸ ਦਾ ਅਰਥ ਇਹ ਸੀ ਕਿ ਲੇਵੀ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਬਾਕੀ ਇਸਰਾਏਲੀ **ਮੰਡਲੀ ਦੇ ਤੰਬੂ ਦੇ ਨੇੜੇ ਨਾ ਆਉਣ ਮਤੇ ਓਹ ਪਾਪ ਚੁੱਕਣ ਅਤੇ ਮਰ ਜਾਣ।** ਫਿਰ, ਲੇਵੀਆਂ ਨੇ ਦੂਜਿਆਂ ਨੂੰ ਡੇਹਰੇ ਦੇ ਨੇੜੇ ਜਾਣ ਤੋਂ ਰੋਕਣ ਦੇ ਲਈ ਰੱਖਿਅਕਾਂ ਵਜੋਂ ਕੰਮ ਕਰਨਾ ਸੀ।

ਦੂਜੀ ਗੱਲ, ਲੇਵੀਆਂ ਨੇ **ਮੰਡਲੀ ਦੇ ਤੰਬੂ ਦੀ ਟਹਿਲ ਸੇਵਾ ਕਰਨੀ** ਸੀ ਅਤੇ ਤੰਬੂ ਨੂੰ ਉਤਾਰਨ, ਚੁੱਕ ਕੇ ਲੈ ਜਾਣ ਅਤੇ ਖੜ੍ਹਾ ਕਰਨ ਵਿਚ ਮਦਦ ਕਰਨ ਦੁਆਰਾ ਜਾਜਕਾਂ ਦਾ ਹੱਥ ਵੰਡਾਉਣਾ ਸੀ। ਅਰਥ ਇਹ ਹੈ ਕਿ ਜੇਕਰ ਉਹ ਉਨ੍ਹਾਂ ਲੋਕਾਂ ਨੂੰ ਜੋ ਲੇਵੀ ਨਹੀਂ ਸਨ ਪਵਿੱਤਰ ਅਸਥਾਨ ਦੇ ਨੇੜੇ ਆਉਣ ਦਿੰਦੇ, ਤਾਂ ਉਨ੍ਹਾਂ ਨੇ **ਆਪਣੀ ਬਦੀ ਨੂੰ ਚੁੱਕਣਾ** ਸੀ; ਉਨ੍ਹਾਂ ਨੇ ਉਨ੍ਹਾਂ ਲੋਕਾਂ ਦੇ ਨਾਲ ਦੋਸ਼ੀ ਗਿਣੇ ਜਾਣਾ ਸੀ ਜਿਹੜੇ ਗਲਤ ਤਰੀਕੇ ਨਾਲ ਪਵਿੱਤਰ ਅਸਥਾਨ ਦੇ ਨੇੜੇ ਆਏ ਸਨ।

**ਆਇਤ 24.** ਲੇਵੀਆਂ ਦੇ ਕੰਮ ਦੇ ਲਈ ਉਨ੍ਹਾਂ ਦਾ ਇਨਾਮ ਕੀ ਹੋਣਾ ਸੀ? ਉਨ੍ਹਾਂ ਨੂੰ ਜ਼ਮੀਨ **ਵਿਰਸੇ** ਵਜੋਂ ਨਹੀਂ ਸੀ ਮਿਲੀ, ਪਰ **ਇਸਰਾਏਲੀਆਂ ਦੇ ਦਸਵੰਧ** ਮਿਲੇ ਸਨ ਜੋ **ਯਹੋਵਾਹ ਲਈ ਭੇਟ ਕਰਕੇ** ਦਿੱਤੇ ਗਏ ਸਨ।

**ਆਇਤਾਂ 25-28.** ਪਰਮੇਸ਼ੁਰ ਨੇ ਲੇਵੀਆਂ ਨੂੰ ਆਖਿਆ ਕਿ ਉਸ ਦਸਵੰਧ ਵਿੱਚੋਂ ਜੋ ਉਨ੍ਹਾਂ ਨੂੰ ਇਸਰਾਏਲੀਆਂ ਕੋਲੋਂ ਮਿਲਿਆ ਸੀ, ਉਨ੍ਹਾਂ ਨੇ ਵੀ ਜਾਜਕਾਂ ਨੂੰ ਦਸਵੰਧ ਦੇਣਾ ਸੀ, **ਯਹੋਵਾਹ ਲਈ ... ਭੇਟ, ਦਸਵੰਧ ਦਾ ਦਸਵੰਧ।** ਦੂਜੇ ਸ਼ਬਦਾਂ ਵਿਚ, ਜਿਵੇਂ ਇਸਰਾਏਲੀਆਂ ਨੇ ਉਨ੍ਹਾਂ ਦੇ ਵਿਰਸੇ (ਕਨਾਨ ਦੀ ਧਰਤੀ) ਦੇ ਫਲ ਵਿੱਚੋਂ ਦਸਵੰਧ ਦੇਣਾ ਸੀ, ਉਸੇ ਤਰ੍ਹਾਂ ਲੇਵੀਆਂ ਨੇ ਵੀ ਆਪਣੇ ਵਿਰਸੇ (ਇਸਰਾਏਲੀਆਂ ਦੇ ਦਸਵੰਧ) ਵਿੱਚੋਂ ਦਸਵੰਧ ਦੇਣਾ ਸੀ। ਉਨ੍ਹਾਂ ਨੂੰ ਜੋ ਕੁਝ ਵੀ ਮਿਲਿਆ ਸੀ, ਇਹ ਜਿੱਥੋਂ ਕਿਤਿਓਂ ਵੀ ਆਇਆ ਸੀ, ਉਨ੍ਹਾਂ ਨੇ **ਯਹੋਵਾਹ ਦੀ ਭੇਟ ਹਾਰੂਨ ਜਾਜਕ ਨੂੰ ਦੇਣੀ** ਸੀ।

**ਆਇਤ 29.** ਲੇਵੀਆਂ ਨੂੰ ਜੋ ਦਾਨ ਮਿਲੇ ਸਨ ਉਨ੍ਹਾਂ ਨੇ ਉਸ ਦੀ **ਥਿੰਧਿਆਈ** ਨੂੰ ਪਰਮੇਸ਼ੁਰ ਨੂੰ **ਚੜ੍ਹਾਉਣਾ** ਸੀ। "ਥਿੰਧਿਆਈ" ਲਈ ਜਿਹੜਾ ਇਬਰਾਨੀ ਸ਼ਬਦ ਵਰਤਿਆ ਗਿਆ ਹੈ ਉਹ ਹੈ (חֵלֶב, *ਚੇਲੇਬ)* ਜਿਸ ਦਾ ਸ਼ਾਬਦਿਕ ਅਰਥ "ਚਰਬੀ" ਹੈ; ਇਹ ਸਭ ਤੋਂ ਚੰਗੇ ਹਿੱਸੇ ਦਾ ਹਵਾਲਾ ਦਿੰਦਾ ਹੈ। ਇਹ ਸ਼ਬਦ ਆਇਤ 12 ਵਿਚ ਵੀ ਆਉਂਦਾ ਹੈ, ਜਿੱਥੇ ਇਹ "ਸਭ ਤੋਂ ਚੰਗੇ" ਤੇਲ, ਸਭ ਤੋਂ ਚੰਗੇ ਦਾਖ ਰਸ ਅਤੇ ਅੰਨ ਦੇ ਇਸਰਾਏਲੀਆਂ ਦੇ ਦਸਵੰਧ ਦਾ ਵਰਣਨ ਕਰਦਾ ਹੈ। ਪਰਮੇਸ਼ੁਰ ਹਮੇਸ਼ਾ ਤੋਂ ਹੀ ਆਪਣੇ ਲੋਕਾਂ ਤੋਂ ਇਹ ਮੰਗ ਕਰਦਾ ਆਇਆ ਹੈ ਉਹ ਉਸ ਨੂੰ ਆਪਣਾ ਸਭ ਤੋਂ ਚੰਗਾ ਹਿੱਸਾ ਦੇਣ (ਉਤਪਤ 4:2-5; ਮਲਾਕੀ 1:6-14)।

**ਆਇਤਾਂ 30, 31.** ਫਿਰ, ਲੇਵੀਆਂ ਦੁਆਰਾ ਉਨ੍ਹਾਂ ਦੇ ਦਸਵੰਧ ਦੇਣ ਤੋਂ ਬਾਅਦ, ਉਹ ਅਤੇ ਉਨ੍ਹਾਂ ਦੇ ਘਰਾਣੇ ਜੋ ਬਾਕੀ ਬਚੇ ਸਨ - **ਪਿੜ ਦੀ ਵਾਫਰੀ** ਅਤੇ **ਕੋਹਲੂ ਦੀ ਵਾਫਰੀ** - ਖਾਣ ਦੇ ਲਈ ਅਜ਼ਾਦ ਸਨ, ਬਿਨ੍ਹਾਂ ਇਸ ਗੱਲ ਦੀ ਪਾਬੰਦੀ ਦੇ ਕਿ ਉਹ ਇਸ ਨੂੰ ਕਿੱਥੇ ਖਾਂਦੇ ਸਨ ਕਿਉਂਕਿ ਇਹ **ਮੰਡਲੀ ਦੇ ਤੰਬੂ ਦੀ ਟਹਿਲ ਸੇਵਾ ਦੇ ਬਦਲੇ** [ਉਨ੍ਹਾਂ ਦਾ] **ਇਨਾਮ** ਸੀ।

"ਪਿੜ" ਉਹ ਥਾਂ ਸੀ ਜਿੱਥੇ ਕਣਕ ਦੀਆਂ ਭਰੀਆਂ ਨੂੰ ਪੈਲੀ ਵਿੱਚੋਂ ਕੱਟਣ ਤੋਂ ਬਾਅਦ ਲਿਜਾਇਆ ਜਾਂਦਾ ਸੀ। ਉਨ੍ਹਾਂ ਨੂੰ ਪਿੜ ਵਿਚ ਬਲਦਾਂ ਦੁਆਰਾ ਗਾਹਿਆ ਜਾਂਦਾ ਸੀ ਅਤੇ ਇਸ ਤਰ੍ਹਾਂ ਕਣਕ ਨੂੰ ਤੂੜੀ ਤੋਂ ਵੱਖਰਿਆਂ ਕੀਤਾ ਜਾਂਦਾ ਸੀ। ਪਿੜ ਆਮ ਤੌਰ ਤੇ ਇਕ ਸਖਤ, ਪੱਧਰੀ ਥਾਂ ਹੁੰਦੀ ਸੀ ਜਿੱਥੇ

ਛੱਟਣ ਦੀ ਪ੍ਰਕਿਰਿਆ ਵਿਚ ਹਵਾਵਾਂ ਤੂੜੀ ਨੂੰ ਦੂਰ ਲੈ ਜਾਂਦੀਆਂ ਸਨ ਅਤੇ ਪਿੱਛੇ ਸਿਰਫ ਭਾਰੀ, ਖਾਣ ਯੋਗ ਕਣਕ ਨੂੰ ਛੱਡ ਜਾਂਦੀਆਂ ਹਨ।

"ਕੋਹਲੂ" ਹੇਠਲਾਂ ਭਾਂਡਾ ਸੀ ਜੋ ਦਾਖ ਰਸ ਬਣਾਉਣ ਦੀ ਪ੍ਰਕਿਰਿਆ ਵਿਚ ਅੰਗੂਰ ਦੇ ਰਸ ਨੂੰ ਆਪਣੇ ਵਿਚ ਰੱਖਦਾ ਸੀ। ਉੱਪਰਲਾ ਭਾਂਡਾ, ਜਿਸ ਨੂੰ "ਦਾਖ ਦੇ ਚੁਬੱਚੇ" ਦੇ ਤੌਰ ਤੇ ਜਾਣਿਆ ਜਾਂਦਾ ਸੀ ਉਹ ਥਾਂ ਸੀ ਜਿੱਥੇ ਅੰਗੂਰਾਂ ਨੂੰ ਪੈਰਾਂ ਥੱਲੇ ਮਿੱਧਣ ਦੇ ਲਈ ਰੱਖਿਆ ਜਾਂਦਾ ਸੀ। ਅੰਗੂਰਾਂ ਨੂੰ ਮਿੱਧਣ ਨਾਲ ਜੋ ਰਸ ਨਿੱਕਲਦਾ ਸੀ ਉਹ ਇਕ ਨਾਲੀ ਦੇ ਰਾਹੀਂ ਹੇਠਲੇ ਕੋਹਲੂ ਵਿਚ ਚਲਾ ਜਾਂਦਾ ਸੀ। ਦਾਖ ਦੇ ਚੁਬੱਚੇ ਅਤੇ ਕੋਹਲੂ ਅਕਸਰ ਪੱਥਰ ਨੂੰ ਕੱਟ ਕੇ ਬਣਾਏ ਗਏ ਸਨ। ਕਈ ਵਾਰ ਉਨ੍ਹਾਂ ਨੂੰ ਮਿੱਟੀ ਪੁੱਟ ਕੇ ਬਣਾਇਆ ਜਾਂਦਾ ਸੀ ਅਤੇ ਉਨ੍ਹਾਂ ਨੂੰ ਪੱਥਰਾਂ ਨਾਲ ਢੱਕ ਦਿੱਤਾ ਜਾਂਦਾ ਸੀ ਅਤੇ ਫਿਰ ਉਨ੍ਹਾਂ ਨੂੰ ਪਲੱਸਤਰ ਦੇ ਨਾਲ ਬੰਦ ਕਰ ਦਿੱਤਾ ਜਾਂਦਾ ਸੀ।

**ਆਇਤ 32.** ਪਰਮੇਸ਼ੁਰ ਨੇ ਲੇਵੀਆਂ ਨੂੰ ਭਰੋਸਾ ਦਿੱਤਾ ਸੀ ਕਿ ਜਦੋਂ ਉਹ ਇਸਰਾਏਲੀਆਂ ਦੁਆਰਾ ਦਿੱਤੇ ਗਏ ਦਸਵੰਧਾਂ ਨੂੰ ਸਹੀ ਤਰੀਕੇ ਨਾਲ ਵਰਤਦੇ ਸਨ, ਉਹ ਪਾਪ ਨਹੀਂ ਸੀ ਕਰ ਰਹੇ। ਪਰ, ਜੇਕਰ ਉਹ ਉਨ੍ਹਾਂ ਦੀ ਦੁਰਵਰਤੋਂ ਕਰਦੇ ਅਤੇ **ਇਸਰਾਏਲੀਆਂ ਦੀਆਂ ਪਵਿੱਤ੍ਰ ਚੀਜ਼ਾਂ ਨੂੰ ਭਰਿਸ਼ਟ ਕਰਦੇ**, ਉਹ ਮੌਤ ਦੀ ਸਜ਼ਾ ਦੇ ਦੋਸ਼ੀ ਹੋਣਗੇ ਅਤੇ **ਮਰ** ਜਾਣਗੇ।

# ਪ੍ਰਾਸੰਗਿਕਤਾ

### ਉਸ ਸਮੇਂ ਜਾਜਕਾਂ ਦੀ ਮਦਦ ਕਰਨ ਵਾਲੇ, ਹੁਣ ਤਨਖਾਹੀ ਪਰਚਾਰਕ (ਅਧਿਆਇ 18)

ਜਦ ਕਿ ਪੁਰਾਣੇ ਨੇਮ ਅਧੀਨ ਜਾਜਕਾਂ ਅਤੇ ਨਵੇਂ ਨੇਮ ਅਧੀਨ ਪਰਚਾਰਕਾਂ ਵਿਚਕਾਰ ਕਈ ਅੰਤਰ ਹਨ, ਉਨ੍ਹਾਂ ਵਿਚਕਾਰ ਇਕ ਮਹੱਤਵਪੂਰਣ ਸਮਾਨਤਾ ਵੀ ਹੈ। ਨਵਾਂ ਨੇਮ ਸਿੱਖਿਆ ਦਿੰਦਾ ਹੈ ਕਿ ਉਹ ਜਿਹੜੇ ਪਰਮੇਸ਼ੁਰ ਦੇ ਵਚਨ ਦੇ ਸੇਵਕਾਂ ਦੇ ਤੌਰ ਤੇ ਸੇਵਾ ਕਰਦੇ ਹਨ ਉਨ੍ਹਾਂ ਦੀ ਉਨ੍ਹਾਂ ਦੁਆਰਾ ਸਹਾਇਤਾ ਕੀਤੀ ਜਾਣੀ ਚਾਹੀਦੀ ਹੈ ਜਿਨ੍ਹਾਂ ਨੂੰ ਉਹ ਸਿੱਖਿਆ ਦਿੰਦੇ ਹਨ (ਮੱਤੀ 10:9, 10; 1 ਕੁਰਿੰਥੀਆਂ 9:9-14), ਜਿਵੇਂ ਕਿ ਪੁਰਾਣੇ ਨੇਮ ਦੇ ਜਾਜਕਾਂ ਅਤੇ ਲੇਵੀਆਂ ਨੂੰ ਉਨ੍ਹਾਂ ਦੇ ਕੰਮ ਜਾਂ ਸੇਵਾ ਦੇ ਲਈ ਇਨਾਮ ਦਿੱਤਾ ਜਾਂਦਾ ਸੀ (ਵੇਖੋ *ਵਾਧੂ ਅਧਿਐਨ: ਦਸਵੰਧ*, ਸਫ਼ਾ 155)।

### "ਤੇਰਾ ਹਿੱਸਾ ਤੇ ਤੇਰਾ ਵਿਰਸਾ ਮੈਂ ਹਾਂ" (18:20)।

ਜਾਜਕਾਂ ਦੇ ਸੰਬੰਧ ਵਿਚ ਪਰਮੇਸ਼ੁਰ ਨੇ ਹਾਰੂਨ ਨੂੰ ਆਖਿਆ, "ਉਨ੍ਹਾਂ ਦੀ ਧਰਤੀ ਵਿੱਚ ਕੋਈ ਵਿਰਸਾ ਨਾ ਲਵੀਂ।" ਬਜਾਇ ਇਸ ਦੇ, ਪਰਮੇਸ਼ੁਰ ਨੇ ਉਸ ਨੂੰ ਇਹ ਕਹਿੰਦੇ ਹੋਏ ਕੁਝ ਬਿਹਤਰ ਦੇਣ ਦੇ ਪੇਸ਼ਕਸ਼ ਕੀਤੀ, "ਤੇਰਾ ਹਿੱਸਾ ਤੇ ਤੇਰਾ ਵਿਰਸਾ ਇਸਰਾਏਲੀਆਂ ਵਿੱਚ ਮੈਂ ਹਾਂ" (18:20)।

ਪਰਮੇਸ਼ੁਰ ਦਾ ਕੀ ਅਰਥ ਸੀ ਜਦੋਂ ਉਸ ਨੇ ਖੁਦ ਦਾ ਜਾਜਕਾਂ ਦੇ ਲਈ "ਵਿਰਸਾ" ਹੋਣ ਦਾ ਹਵਾਲਾ ਦਿੱਤਾ ਸੀ? ਅੱਜ ਪਰਮੇਸ਼ੁਰ ਦੀ ਸੰਤਾਨ ਹੋਣ ਦੇ ਨਾਤੇ, ਪਰਮੇਸ਼ੁਰ ਦੀ ਵੱਲੋਂ ਸਾਡਾ ਵਿਰਸਾ ਕੀ ਹੈ?

*ਕਿਸ ਭਾਵ ਵਿਚ ਪਰਮੇਸ਼ੁਰ ਜਾਜਕਾਂ ਦਾ ਵਿਰਸਾ ਸੀ?* ਜਦੋਂ ਇਸਰਾਏਲੀਆਂ ਨੇ ਵਾਅਦੇ ਦੀ ਧਰਤੀ ਵਿਚ ਦਾਖਲ ਹੋਣ ਦੀ ਤਿਆਰੀ ਕੀਤੀ ਸੀ, ਪਰਮੇਸ਼ੁਰ ਨੇ ਉਨ੍ਹਾਂ ਨੂੰ ਇਸ ਬਾਰੇ ਹਦਾਇਤਾਂ ਦਿੱਤੀਆਂ ਸਨ ਕਿ ਉਹ ਧਰਤੀ ਕਿਵੇਂ ਵੰਡੀ ਜਾਣੀ ਸੀ। ਦੋ ਅਤੇ ਇਕ-ਅੱਧੇ ਗੋਤ ਨੂੰ ਯਰਦਨ ਦੇ ਚੜ੍ਹਦੇ ਪਾਸੇ (ਪੂਰਬ ਵਿਚ) ਜ਼ਮੀਨ ਮਿਲੀ ਸੀ। ਬਾਕੀ ਨੌਵਾਂ ਅਤੇ ਇਕ-ਅੱਧੇ ਗੋਤਾਂ ਨੂੰ ਕਨਾਨ ਤੇ ਕਬਜ਼ਾ ਕਰਨ ਤੋਂ ਬਾਅਦ ਯਰਦਨ ਦੇ ਲਹਿੰਦੇ ਪਾਸੇ (ਪੱਛਮ ਵਿਚ) ਜ਼ਮੀਨ ਮਿਲੀ ਸੀ। ਗਿਣਤੀ ਦੀ ਪੁਸਤਕ ਦੱਸਦੀ ਹੈ ਕਿ ਕਿਵੇਂ ਉਹ ਧਰਤੀ ਵੰਡੀ ਜਾਣੀ ਸੀ। ਵੱਡੇ ਗੋਤਾਂ ਨੂੰ ਧਰਤੀ ਦੇ ਵੱਡੇ ਹਿੱਸੇ ਮਿਲਨੇ ਸੀ ਅਤੇ ਧਰਤੀ ਗੁਣੇ ਪਾ ਕੇ ਵੰਡੀ ਜਾਣੀ ਸੀ (26:52-56)। ਸਿੱਟੇ ਵਜੋਂ, ਹਰੇਕ

ਗੋਤ ਕੋਲ ਉੱਤਮ ਜ਼ਮੀਨ ਲੈਣ ਦਾ ਬਰਾਬਰ ਦਾ ਮੌਕਾ ਹੋਵੇਗਾ।

ਯਹੋਸ਼ੁਆ ਦੀ ਪੁਸਤਕ ਵਰਣਨ ਕਰਦੀ ਹੈ ਕਿ ਇਸਰਾਏਲੀਆਂ ਨੇ ਕਨਾਨ ਉੱਤੇ ਕਿਵੇਂ ਕਬਜ਼ਾ ਕੀਤਾ ਸੀ। ਫਿਰ ਪੁਸਤਕ ਦਾ ਅਖ਼ੀਰਲਾ ਭਾਗ (ਅਧਿਆਇ 13-20) ਵਰਣਨ ਕਰਦਾ ਹੈ ਕਿ ਉਹ ਧਰਤੀ ਵੱਖ-ਵੱਖ ਗੋਤਾਂ ਵਿਚ ਕਿਵੇਂ ਵੰਡੀ ਗਈ ਸੀ। ਲੇਵੀ ਦੇ ਗੋਤ ਨੂੰ ਧਰਤੀ ਦੀ ਵੰਡ ਵਿਚ ਸ਼ਾਮਲ ਨਹੀਂ ਸੀ ਕੀਤਾ ਗਿਆ। ਜਾਜਕਾਈ ਗੋਤ ਹੋਣ ਦੇ ਨਾਤੇ, ਲੇਵੀਆਂ ਨੂੰ ਸ਼ਾਮਲਾਤ ਸਣੇ ਅਠਤਾਲੀ ਨਗਰ ਦਿੱਤੇ ਗਏ ਸਨ (35:7; ਯਹੋਸ਼ੁਆ 21:41)।

ਪਰ, ਉਹ ਨਗਰ ਅਤੇ ਥੋੜ੍ਹੀ ਜਿਹੀ ਜ਼ਮੀਨ ਖੇਤੀਬਾੜੀ ਵਾਲੇ ਸਮਾਜ ਵਿਚ ਜਾਜਕਾਂ ਅਤੇ ਲੇਵੀਆਂ ਦੀ ਭਲਾਈ ਦੀ ਗਰੰਟੀ ਦੇਣ ਦੇ ਲਈ ਕਾਫੀ ਨਹੀਂ ਹੋਵੇਗੀ। ਸਿੱਟੇ ਵਜੋਂ, ਪਰਮੇਸ਼ੁਰ ਨੇ ਉਸ ਯੋਗਦਾਨ (ਚੰਦੇ) ਦਾ ਕੁਝ ਹਿੱਸਾ ਲੇਵੀਆਂ ਅਤੇ ਜਾਜਕਾਂ ਨੂੰ ਦੇ ਦਿੱਤਾ ਜੋ ਇਸਰਾਏਲੀ ਪਰਮੇਸ਼ੁਰ ਦੇ ਕੋਲ ਲੈ ਕੇ ਆਏ ਸਨ। ਲੇਵੀਆਂ ਨੂੰ ਉਸ ਫਸਲ ਦਾ ਦਸਵੰਧ ਮਿਲਿਆ ਜੋ ਦੂਜੇ ਗੋਤਾਂ ਦੁਆਰਾ ਉਗਾਈ ਗਈ ਸੀ, ਬਦਲੇ ਵਿਚ, ਉਨ੍ਹਾਂ ਨੇ ਜੋ ਉਨ੍ਹਾਂ ਨੂੰ ਮਿਲਿਆ ਸੀ ਉਸ ਵਿੱਚੋਂ ਜਾਜਕਾਂ ਨੂੰ ਦਸਵੰਧ ਦਾ ਦਸਵੰਧ ਦਿੱਤਾ। ਉਨ੍ਹਾਂ ਭੇਟਾਂ ਦਾ ਜ਼ਿਆਦਾਤਰ ਹਿੱਸਾ ਜਾਜਕਾਂ ਨੂੰ ਮਿਲਦਾ ਸੀ ਜੋ ਡੇਹਰੇ ਵਿਚ ਲਿਆਈਆਂ ਜਾਂਦੀਆਂ ਸਨ। ਪਰਮੇਸ਼ੁਰ ਨੇ ਜੋ ਦਾਤਾਂ ਉਸ ਕੋਲ ਲਿਆਈਆਂ ਜਾਂਦੀਆਂ ਉਨ੍ਹਾਂ ਵਿੱਚੋਂ ਉਨ੍ਹਾਂ ਨੂੰ ਫਾਇਦਾ ਲੈਣ ਦੇਣ ਦੁਆਰਾ ਉਨ੍ਹਾਂ ਨੂੰ ਸਭ ਕੁਝ ਮੁਹੱਈਆ ਕਰਵਾਇਆ (ਵੇਖੋ ਯਹੋਸ਼ੁਆ 13:14)।

ਗਿਣਤੀ 18:20 ਵਿਚ, ਪਰਮੇਸ਼ੁਰ ਨੇ ਜਾਜਕਾਂ ਨੂੰ ਇਹ ਭਰੋਸਾ ਦਿੱਤਾ ਸੀ ਕਿ ਹਾਲਾਂਕਿ ਉਨ੍ਹਾਂ ਨੂੰ ਧਰਤੀ ਨਹੀਂ ਮਿਲੇਗੀ, ਪਰਮੇਸ਼ੁਰ ਉਨ੍ਹਾਂ ਦੇ ਲਈ ਸਭ ਕੁਝ ਮੁਹੱਈਆ ਕਰੇਗਾ। ਉਨ੍ਹਾਂ ਨੂੰ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਸੀ ਕਿਉਂਕਿ ਉਸ ਨੇ ਆਖਿਆ, "ਮੈਂ ਤੇਰਾ ਹਿੱਸਾ ਤੇ ਤੇਰਾ ਵਿਰਸਾ ਹਾਂ।" ਪਰਮੇਸ਼ੁਰ ਕਹਿ ਰਿਹਾ ਸੀ ਉਹ ਜਾਜਕਾਂ ਦੀ ਚੰਗੀ ਤਰ੍ਹਾਂ ਦੇਖਭਾਲ ਕਰੇਗਾ।

ਦਰਅਸਲ, ਜਾਜਕਾਂ, ਲੇਵੀਆਂ ਅਤੇ ਸਾਰੇ ਇਸਰਾਏਲੀਆਂ ਦਾ ਬਚਾਅ ਪਰਮੇਸ਼ੁਰ ਤੇ ਨਿਰਭਰ ਕਰਦਾ ਸੀ। ਜੇਕਰ ਪਰਮੇਸ਼ੁਰ ਲੋਕਾਂ ਨੂੰ ਬਰਕਤ ਨਾ ਦਿੰਦਾ, ਤਾਂ ਉਨ੍ਹਾਂ ਕੋਲ ਉਹ ਫਸਲਾਂ ਨਹੀਂ ਸੀ ਹੋਣੀਆਂ ਜਿਨ੍ਹਾਂ ਵਿੱਚੋਂ ਉਨ੍ਹਾਂ ਨੇ ਦਸਵੰਧ ਦੇਣਾ ਸੀ। ਉਨ੍ਹਾਂ ਕੋਲ ਭੇਟ ਚੜ੍ਹਾਉਣ ਦੇ ਲਈ ਪਸ਼ੂ ਨਹੀਂ ਸੀ ਹੋਣੇ। ਜਾਜਕਾਂ ਨੇ ਸਿਰਫ ਪਰਮੇਸ਼ੁਰ ਉੱਤੇ ਭਰੋਸਾ ਕਰਨਾ ਸੀ ਅਤੇ ਇਹ ਵਿਸ਼ਵਾਸ ਕਰਨਾ ਸੀ ਕਿ ਪਰਮੇਸ਼ੁਰ ਉਨ੍ਹਾਂ ਦੀ ਦੇਖਭਾਲ ਕਰੇਗਾ।

*ਕਿਸ ਭਾਵ ਵਿਚ ਪਰਮੇਸ਼ੁਰ ਸਾਡਾ ਵਿਰਸਾ ਹੈ?* ਜਦ ਕਿ ਕਲੀਸੀਆ ਕੋਲ ਹਾਰੂਨ ਦੀ ਜਾਜਕਾਈ ਵਰਗੀ ਜਾਜਕਾਈ ਨਹੀਂ ਹੈ, 18:20 ਵਿਚ ਪਰਮੇਸ਼ੁਰ ਦੀਆਂ ਹਦਾਇਤਾਂ ਮਸੀਹੀ ਲੋਕਾਂ ਦੇ ਲਈ ਦੋ ਤਰੀਕਿਆਂ ਨਾਲ ਸਾਰਥਕ ਹਨ।

ਪਹਿਲਾ, ਪਰਮੇਸ਼ੁਰ ਸਾਨੂੰ ਵਿਰਸਾ ਦਿੰਦਾ ਹੈ। ਕੀ ਤੁਹਾਨੂੰ ਕਦੇ ਵਿਰਸਾ ਮਿਲਿਆ ਹੈ? ਜਦੋਂ ਮੈਂ ਵੱਡਾ ਹੋ ਰਿਹਾ ਸੀ, ਮੈਂ ਕਦੇ ਨਹੀਂ ਸੀ ਸੋਚਿਆ ਕਿ ਮੈਨੂੰ ਮੇਰੇ ਮਾਪਿਆਂ ਤੋਂ ਵਿਰਸੇ ਵਿਚ ਕੁਝ ਮਿਲੇਗਾ। ਜਿੱਥੋਂ ਤੱਕ ਮੈਂ ਜਾਣਦਾ ਸੀ, ਸਾਡੇ ਪਰਿਵਾਰ ਕੋਲ ਭਵਿੱਖ ਦੀਆਂ ਪੀੜ੍ਹੀਆਂ ਨੂੰ ਅੱਗੇ ਸੌਂਪਣ ਦੇ ਲਈ ਕੁਝ ਵੀ ਮਹੱਤਵਪੂਰਣ ਨਹੀਂ ਸੀ। ਪਰ, 2003 ਵਿਚ ਮੇਰੀ ਮਾਂ ਦੇ ਮਰਨ ਅਤੇ 2008 ਵਿਚ ਮੇਰੇ ਪਿਤਾ ਦੇ ਮਰਨ ਤੋਂ ਬਾਅਦ, ਮੇਰੇ ਭਰਾ ਨੂੰ ਅਤੇ ਮੈਨੂੰ ਸਾਡੇ ਮਾਪਿਆਂ ਵੱਲੋਂ ਇਕ ਵਿਰਸਾ ਮਿਲਿਆ। ਅਸੀਂ ਉਸ ਵਿਰਸੇ ਅਤੇ ਪ੍ਰੇਮ ਦੀ ਜੋ ਇਹ ਵਿਖਾਉਂਦਾ ਸੀ ਪ੍ਰਸ਼ੰਸਾ ਕੀਤੀ।

ਕੀ ਮਸੀਹੀ ਹੋਣ ਦੇ ਨਾਤੇ ਸਾਡੇ ਕੋਲ ਵਿਰਸਾ ਹੈ? ਹੇਠ ਲਿਖੇ ਵਚਨਾਂ ਤੇ ਵਿਚਾਰ ਕਰੋ:

> ਉਹ ਆਤਮਾ ਆਪ ਸਾਡੇ ਆਤਮਾ ਦੇ ਨਾਲ ਸਾਖੀ ਦਿੰਦਾ ਹੈ ਭਈ ਅਸੀਂ ਪਰਮੇਸ਼ੁਰ ਦੇ ਬਾਲਕ ਹਾਂ ਅਤੇ ਜੇ ਬਾਲਕ ਹਾਂ ਤਾਂ ਅਧਕਾਰੀ ਵੀ ਹਾਂ, ਪਰਮੇਸ਼ੁਰ ਦੇ ਅਧਕਾਰੀ ਅਤੇ ਮਸੀਹ ਦੇ ਨਾਲ ਸਾਂਝੇ ਅਧਕਾਰੀ ... (ਰੋਮੀਆਂ 8:16, 17)।

... ਅਧਕਾਰ ਬਣ ਗਏ ... (ਅਫ਼ਸੀਆਂ 1:11)।

... ਪਵਿੱਤਰ ਆਤਮਾ ... ਸਾਡੇ ਅਧਕਾਰ ਦੀ ਸਾਈ ਹੈ ... (ਅਫ਼ਸੀਆਂ 1:13, 14)।

ਤੁਹਾਡੇ ਦਿਲ ਦੀਆਂ ਅੱਖਾਂ ਨੂੰ ਚਾਨਣ ਹੋਵੇ ਤਾਂ ਜੋ ਤੁਸੀਂ ਜਾਣ ਲਵੋ ... ਸੰਤਾਂ ਵਿੱਚ ਉਹ ਦੇ ਤੇਜਵਾਨ ਅਧਕਾਰ ਦਾ ਧਨ ਕੀ ਹੈ (ਅਫ਼ਸੀਆਂ 1:18)।

... ਤੁਹਾਨੂੰ ਪ੍ਰਭੂ ਤੋਂ ਅਧਕਾਰ ਦਾ ਫਲ ਮਿਲੇਗਾ ... (ਕੁਲੁੱਸੀਆਂ 3:24)।

... ਕਿਉਂਕਿ ਇੱਕ ਮੌਤ ਹੋਈ ਹੈ ਜਿਹੜੀ ਪਹਿਲੇ ਨੇਮ ਦੇ ਅਪਰਾਧਾਂ ਤੋਂ ਛੁਡਾਉਂਦੀ ਹੈ ਭਈ ਓਹ ਜਿਹੜੇ ਸੱਦੇ ਹੋਏ ਹਨ ਸਦੀਪਕਾਲ ਦੇ ਵਿਰਸੇ ਦੇ ਵਾਇਦੇ ਨੂੰ ਪਰਾਪਤ ਕਰਨ (ਇਬਰਾਨੀਆਂ 9:15)।

... ਸਾਡੇ ਪ੍ਰਭੂ ਯਿਸੂ ਮਸੀਹ ... ਸਾਨੂੰ ਜੀਉਂਦੀ ਆਸ ਲਈ ਨਵੇਂ ਸਿਰਿਓਂ ਜਨਮ ਦਿੱਤਾ ... ਓਸ ਅਵਨਾਸੀ , ਨਿਰਮਲ ਅਤੇ ਨਾ ਕੁਮਲਾਉਣ ਵਾਲੇ ਅਧਕਾਰ ਲਈ ਜੋ ਸੁਰਗ ਵਿੱਚ ਤੁਹਾਡੇ ਲਈ ਧਰਿਆ ਹੋਇਆ (1 ਪਤਰਸ 1:3, 4)।

ਅਸੀਂ ਪਰਮੇਸ਼ੁਰ ਦੀ ਸੰਤਾਨ ਬਣ ਚੁੱਕੇ ਹਾਂ; ਅਸੀਂ ਉਸ ਦੇ ਪਰਿਵਾਰ ਵਿਚ ਹਾਂ; ਇਸ ਲਈ, ਅਸੀਂ ਸਦੀਪਕ ਘਰ ਦੇ ਅਧਕਾਰੀ ਹੋਵਾਂਗੇ। ਪਰਮੇਸ਼ੁਰ ਸਾਡਾ ਵਿਰਸਾ ਹੈ ਇਸ ਲਈ ਉਹ ਸਾਨੂੰ ਉਸ ਦੇ ਨਾਲ ਸਦੀਪਕਾਲ ਦੇ ਲਈ ਸੁਰਗ ਵਿਚ ਇਕ ਘਰ ਦਾ ਭਰੋਸਾ ਦਿੰਦਾ ਹੈ ਜੇਕਰ ਅਸੀਂ ਉਸ ਦੇ ਪ੍ਰਤੀ ਵਫ਼ਾਦਾਰ ਰਹਿੰਦੇ ਹਾਂ (ਪਰਕਾਸ਼ ਦੀ ਪੋਥੀ 2:10)।

ਦੂਜੀ ਗੱਲ, ਸਾਨੂੰ ਇਹ ਵਿਸ਼ਵਾਸ ਕਰਨਾ ਚਾਹੀਦਾ ਹੈ ਕਿ ਪਰਮੇਸ਼ੁਰ ਸਾਡਾ ਵਿਰਸਾ ਹੈ। ਪਰਮੇਸ਼ੁਰ ਨੇ ਜੋ ਜਾਜਕਾਂ ਨੂੰ ਆਖਿਆ ਸੀ - "ਮੈਂ ਤੇਰਾ ਹਿੱਸਾ ਤੇ ਤੇਰਾ ਵਿਰਸਾ ਹਾਂ" - ਉਹੀ ਗੱਲ ਸਾਡੇ ਤੇ ਲਾਗੂ ਹੁੰਦੀ ਹੈ, ਕਿਉਂਕਿ ਅਸੀਂ ਵੀ ਪੁਰਾਣੇ ਨੇਮ ਦੇ ਜਾਜਕਾਂ ਵਾਂਗ ਉਸੇ ਸਥਿਤੀ ਵਿਚ ਹਾਂ।

ਮਸੀਹੀ ਲੋਕ ਪਰਮੇਸ਼ੁਰ ਦੇ "ਜਾਜਕਾਂ ਦੀ ਸ਼ਾਹੀ ਮੰਡਲੀ" ਹਨ (1 ਪਤਰਸ 2:9)। ਇਸ ਤੋਂ ਇਲਾਵਾ, ਇਸ ਸੰਸਾਰ ਵਿਚ "ਪਰਦੇਸੀਆਂ ਅਤੇ ਮੁਸਾਫ਼ਰਾਂ" ਦੇ ਰੂਪ ਵਿਚ, ਇਹ ਧਰਤੀ ਅਸਲ ਵਿਚ "ਸਾਡੀ" ਨਹੀਂ ਹੈ (1 ਪਤਰਸ 2:11)। ਅਸੀਂ ਇਹ ਗੀਤ ਗਾਉਂਦੇ ਹਾਂ, "ਅਸੀਂ ਇਸ ਸੰਸਾਰ ਵਿਚ ਤਾਂ ਹਾਂ ਪਰ ਭਟਕਦੇ ਮੁਸਾਫ਼ਰ" ਅਤੇ "ਇਹ ਦੁਨੀਆ ਮੇਰਾ ਘਰ ਨਹੀਂ ਹੈ।"[5] ਤਾਂ ਫਿਰ, ਇਸ ਦੁਨੀਆ ਵਿਚ ਅਸੀਂ ਸੰਤੁਸ਼ਟੀ ਅਤੇ ਭਰੋਸਾ ਕਿਵੇਂ ਲੱਭਣਾ ਹੈ?

ਪੁਰਾਣੇ ਨੇਮ ਦੇ ਸ਼ਬਦਾਂ ਵਿਚ, ਜਵਾਬ ਪਰਮੇਸ਼ੁਰ ਦਾ ਇਹ ਕਥਨ ਹੈ "ਮੈਂ ਤੁਹਾਡਾ ਅਧਕਾਰ ਹਾਂ।" ਉਸ ਦੇ ਲੋਕਾਂ ਨੂੰ ਉਸ ਤੇ ਨਿਰਭਰ ਹੋਣਾ ਚਾਹੀਦਾ ਹੈ। ਨਵੇਂ ਨੇਮ ਦੇ ਸ਼ਬਦਾਂ ਵਿਚ, ਪਰਮੇਸ਼ੁਰ ਨੇ ਆਖਿਆ ਹੈ,

ਤੁਸੀਂ ਮਾਇਆ ਦੇ ਲੋਭ ਤੋਂ ਰਹਿਤ ਰਹੋ। ਜੋ ਕੁਝ ਤੁਹਾਡੇ ਕੋਲ ਹੈ ਉਸ ਉੱਤੇ ਸੰਤੋਖ ਕਰੋ ਕਿਉਂ ਜੋ ਉਹ ਨੇ ਆਪ ਆਖਿਆ ਹੈ ਭਈ ਮੈਂ ਤੈਨੂੰ ਕਦੇ ਨਾ ਛੱਡਾਂਗਾ, ਨਾ ਕਦੇ ਤੈਨੂੰ ਤਿਆਗਾਂਗਾ ਇਸ ਕਰਕੇ ਅਸੀਂ ਹੌਂਸਲੇ ਨਾਲ ਆਖਦੇ ਹਾਂ, ਪ੍ਰਭੂ ਮੇਰਾ ਸਹਾਈ ਹੈ, ਮੈਂ ਨਾ ਡਰਾਂਗਾ ... (ਇਬਰਾਨੀਆਂ 13:5, 6; ਵੇਖੋ 1 ਤਿਮੋਥਿਉਸ 6:17)।

ਯਿਸੂ ਨੇ ਸਿੱਖਿਆ ਦਿੱਤੀ ਸੀ, "ਤੁਸੀਂ ਪਹਿਲਾਂ ਉਹ ਦੇ ਰਾਜ ਅਤੇ ਉਹ ਦੇ ਧਰਮ ਨੂੰ ਭਾਲੋ ਤਾਂ ਤੁਹਾਨੂੰ ਏਹ ਸਾਰੀਆਂ ਵਸਤਾਂ ਵੀ ਦਿੱਤੀਆਂ ਜਾਣਗੀਆਂ" (ਮੱਤੀ 6:33)।

ਕੀ ਸਾਨੂੰ ਇਸ ਭਰੋਸੇ ਦੀ ਲੋੜ ਹੈ ਕਿ ਪਰਮੇਸ਼ੁਰ ਸਾਡੀ ਦੇਖਭਾਲ ਕਰੇਗਾ? ਲੋਕ ਸਾਨੂੰ ਦੱਸਦੇ ਹਨ ਕਿ ਜੇਕਰ ਸਾਡੇ ਕੋਲ ਕਾਫੀ ਸਾਰਾ ਧਨ ਹੈ, ਜੇਕਰ ਸਾਡੇ ਕੋਲ ਆਪਣੀ ਜ਼ਮੀਨ ਹੈ ਅਤੇ ਚੀਜ਼ਾਂ ਜਾਂ ਮਲਕੀਅਤ ਇਕੱਠੀ ਕਰਦੇ ਹਾਂ, ਅਸੀਂ ਭਵਿੱਖ ਬਾਰੇ ਯਕੀਨੀ ਹੋ ਸਕਦੇ ਹਾਂ। ਬਹੁਤ ਸਾਰੇ

ਮਸੀਹੀ ਲੋਕ ਇਸ ਫਲਸਫੇ ਨੂੰ ਅਪਨਾਉਂਦੇ ਹਨ। ਜਦੋਂ ਤੱਕ ਉਨ੍ਹਾਂ ਦਾ ਜੀਵਨ ਵਧੀਆ ਚੱਲਦਾ ਰਹਿੰਦਾ ਹੈ, ਇਹ ਫਲਸਫਾ ਸਫ਼ਲ ਹੁੰਦਾ ਹੈ। ਪਰ, ਆਖ਼ਰਕਾਰ, ਕੁਝ ਨਾ ਕੁਝ ਗਲਤ ਹੋ ਹੀ ਜਾਂਦਾ ਹੈ। ਫਿਰ ਅਸੀਂ ਧਰਤੀ ਉੱਤੇ ਧਨ ਜੋੜਨ ਸੰਬੰਧੀ ਯਿਸੂ ਦੇ ਸ਼ਬਦਾਂ ਦੀ ਸੱਚਾਈ ਨੂੰ ਸਿੱਖਦੇ ਹਾਂ: "ਕੀੜਾ ਅਤੇ ਜੰਗਾਲ ਵਿਗਾੜਦਾ ਹੈ ਅਰ ... ਚੋਰ ਸੰਨ੍ਹ ਮਾਰਦੇ ਅਤੇ ਚੁਰਾਉਂਦੇ ਹਨ" (ਮੱਤੀ 6:19)। ਪੈਸੇ ਨੂੰ ਖੁਸ਼ੀ ਅਤੇ ਆਸ ਦਾ ਆਧਾਰ ਬਣਾਉਣਾ ਮੂਰਖਤਾ ਹੈ। ਦੁਨਿਆਵੀ ਧਨ ਦੌਲਤ ਤੋਂ ਜੋ ਸੰਤੁਸ਼ਟੀ ਆਉਂਦੀ ਹੈ ਉਹ ਖੋਖਲੀ ਹੁੰਦੀ ਹੈ ਅਤੇ ਜ਼ਿਆਦਾ ਦੇਰ ਤੱਕ ਕਾਇਮ ਨਹੀਂ ਰਹਿੰਦੀ।

ਸਾਨੂੰ ਪਰਮੇਸ਼ੁਰ ਤੇ ਨਿਰਭਰ ਹੋਣਾ ਚਾਹੀਦਾ ਹੈ ਅਤੇ ਉਸ ਨੂੰ ਆਪਣੇ ਵਿਰਸੇ ਵਜੋਂ ਸਵੀਕਾਰ ਕਰਨਾ ਚਾਹੀਦਾ ਹੈ। ਯਿਸੂ ਨੇ ਸਿਖਾਇਆ, "ਆਪਣੇ ਲਈ ਧਰਤੀ ਉੱਤੇ ਧਨ ਨਾ ਜੋੜੋ ... ਪਰ ਸੁਰਗ ਵਿੱਚ ਆਪਣੇ ਲਈ ਧਨ ਜੋੜੋ ..." (ਮੱਤੀ 6:19-21)। ਭਾਵੇਂ ਸਾਡੇ ਕੋਲ ਬਹੁਤਾ ਹੈ ਜਾਂ ਥੋੜ੍ਹਾ ਹੈ, ਅਸੀਂ ਸੰਤੁਸ਼ਟ ਹੋ ਸਕਦੇ ਹਾਂ। ਸਾਡੇ ਕੋਲ ਆਸ ਹੋ ਸਕਦੀ ਹੈ; ਅਸੀਂ "ਪਰਮੇਸ਼ੁਰ ਦੀ ਸ਼ਾਂਤੀ ਜੋ ਸਾਰੀ ਸਮਝ ਤੋਂ ਪਰੇ ਹੈ" (ਫ਼ਿਲਿੱਪੀਆਂ 4:7) ਦਾ ਅਨੰਦ ਮਾਣ ਸਕਦੇ ਹਾਂ।

*ਸਿੱਟਾ।* ਮਾਪਿਆਂ ਤੋਂ ਜਾਂ ਕਿਸੇ ਹੋਰ ਰਿਸ਼ਤੇਦਾਰ ਤੋਂ ਵਿਰਸਾ ਪ੍ਰਾਪਤ ਕਰਨਾ ਇਕ ਬਰਕਤ ਵਾਲੀ ਗੱਲ ਹੈ। ਪਰ, ਮਸੀਹੀ ਹੋਣ ਦੇ ਨਾਤੇ ਸਾਡੇ ਕੋਲ ਉਸ ਨਾਲੋਂ ਇਕ ਵੱਡਾ ਵਿਰਸਾ ਹੈ ਜੋ ਸਾਨੂੰ ਇਸ ਧਰਤੀ ਉੱਤੇ ਮਿਲ ਸਕਦਾ ਹੈ। ਸਾਡਾ ਵਿਰਸਾ ਸੁਰਗ ਵਿਚ ਹੈ। ਇਸ ਤੋਂ ਇਲਾਵਾ, ਪਰਮੇਸ਼ੁਰ ਸਾਡਾ ਵਿਰਸਾ ਹੈ। ਅਸੀਂ ਸਾਡੀਆਂ ਸਾਰੀਆਂ ਜਰੂਰਤਾਂ ਨੂੰ ਪੂਰਾ ਕਰਨ ਦੇ ਲਈ ਉਸ ਤੇ ਭਰੋਸਾ ਕਰ ਸਕਦੇ ਹਾਂ।

---

ਟਿੱਪਣੀਆਂ

[1]ਰੌਏ ਗੇਨ ਦੀ ਪੁਸਤਕ ਐਨਆਈਵੀ ਐਪਲੀਕੇਸ਼ਨ ਕਮੈਂਟਰੀ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ, 2004) ਵਿਚ ਸਫ਼ਾ 652 ਤੇ *ਲੇਵੀਆਂ, ਗਿਣਤੀ* ਹੈ। [2]ਟਿਮੋਥੀ ਆਰ. ਐਸ਼ਲੇ ਦੀ ਪੁਸਤਕ ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1993) ਵਿਚ ਸਫ਼ਾ 337 ਤੇ *ਗਿਣਤੀ ਦੀ ਪੁਸਤਕ* ਹੈ। [3]ਵੇਖੋ ਕੂਚ 29:26-28; ਲੇਵੀਆਂ 2:3, 10; 6:16-18, 26, 29; 7:14, 32-36; 10:14, 15; 22:12; ਗਿਣਤੀ 5:9; 2 ਇਤਹਾਸ 31:10-14; ਹਿਜ਼ਕੀਏਲ 44:30. [4]ਪਲੋਠੇ ਦੀ ਭੇਟ ਸੰਬੰਧੀ, ਵੇਖੋ ਕੂਚ 13:2; 22:29, 30; ਲੇਵੀਆਂ 27:26, 27. [5]ਆਈ. ਐਨ. ਕਾਰਮੈਨ, "ਹੇਅਰ ਵੂਈ ਆਰ ਬੱਟ ਸਟਰੇਇੰਗ ਪਿਲਗਰਿਮਸ," *ਸੌਂਗਸ ਆਫ਼ ਫੇਥ ਐਂਡ ਪਰੇਸ,* ਰਚਨਾ ਅਤੇ ਸੰਪਾਦਨ, ਆਲਟਨ ਐਚ. ਹੋਵਾਰਡ (ਵੈਸਟ ਮੋਨਰੋ, ਲੂਸੀਆਨਾ: ਹੋਵਾਰਡ ਪਬਲਿਸ਼ਿੰਗ ਕੰਪਨੀ, 1996)। "ਦਿਸ ਵਰਲਡ ਇਜ ਨਾੱਟ ਮਾਈ ਹੋਮ" ਦੇ ਬੋਲ ਰਵਾਇਤੀ ਹਨ; ਅਸਲੀ ਲੇਖਕ ਦਾ ਕੋਈ ਪਤਾ ਨਹੀਂ ਹੈ।